ਪ੍ਰਕਾਸ਼ਨ ਨੰ: 41

# ਸਿੱਖ ਧਰਮ ਦੀ ਮੁਢਲੀ ਜਾਣਕਾਰੀ

ਗੁਰਮਤਿ ਸਿੱਖ ਕੇ ਅਸੀਂ ਸਿਖਾਉਣੀ।
ਅੰਮ੍ਰਿਤਧਾਰੀ ਕੌਮ ਬਣਾਉਣੀ

ਕਰਨਾ ਸਿੱਖੀ ਦਾ ਪ੍ਰਚਾਰ।
ਸਾਰੀ ਦੁਨੀਆਂ ਦੇ ਵਿਚਕਾਰ।



ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

10 ਰੁਪਏ

ਪ੍ਰਕਾਸ਼ਨ ਨੰ: 41

# ਸਿੱਖ ਧਰਮ ਦੀ ਮੁੱਢਲੀ ਜਾਣਕਾਰੀ

ਲੇਖਕ : ਲਿਟਰੇਰੀ ਕਮੇਟੀ
ਸਿੱਖ ਮਿਸ਼ਨਰੀ ਕਾਲਜ

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

ਸਿੱਖ ਧਰਮ ਦੀ ਮੁੱਢਲੀ ਜਾਣਕਾਰੀ

***Basic Principles of Sikhism***

ਲੇਖਕ : ਲਿਟਰੇਰੀ ਕਮੇਟੀ ਸਿੱਖ ਮਿਸ਼ਨਰੀ ਕਾਲਜ

@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ : 2432046

*ਮਿਲਣ ਦੇ ਪਤੇ :*

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051/14, ਫੀਲਡ ਗੰਜ, ਲੁਧਿਆਣਾ-141 008 ਫੋਨ : 0161-5021815
**Website : www.sikhmissionarycollege.org**
**E-mail : query@smcludhiana.com**

*ਸਬ-ਆਫਿਸ :*
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-65330502

**ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ**

# 1. ਸਿੱਖ ਧਰਮ ਦਾ ਮੁੱਢਲਾ ਉਪਦੇਸ਼

(ਅਕਾਲ ਪੁਰਖ ਕੀ ਹੈ ਤੇ ਕਿਵੇਂ ਮਿਲ ਸਕਦਾ ਹੈ ?)

**ੴ ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ,**

**ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ॥**

| | |
|---|---|
| ੧ | — ਅਕਾਲ ਪੁਰਖ ਇੱਕ ਹੈ। ਉਸ ਜਿਹਾ ਹੋਰ ਕੋਈ ਨਹੀਂ। |
| ੴ (ਓਅੰਕਾਰ) | — ਉਹ ਸਭ ਵਿਚ ਇਕ ਰਸ ਵਿਆਪਕ ਹੈ। |
| **ਸਤਿ ਨਾਮੁ** | — ਉਸ ਦਾ ਨਾਮ ਸਦਾ ਵਾਸਤੇ ਅਟੱਲ ਹੈ। |
| **ਕਰਤਾ** | — ਉਹ ਸਭ ਕੁਝ ਬਣਾਉਣ ਵਾਲਾ ਹੈ। |
| **ਪੁਰਖੁ** | — ਉਹ ਸਭ ਵਿਚ ਇਕ ਰਸ ਵਸ ਰਿਹਾ ਹੈ। |
| **ਨਿਰਭਉ** | — ਉਸ ਨੂੰ ਕਿਸੇ ਦਾ ਡਰ ਨਹੀਂ। |
| **ਨਿਰਵੈਰੁ** | — ਉਸ ਦਾ ਕਿਸੇ ਨਾਲ ਵੈਰ ਨਹੀਂ। |
| **ਅਕਾਲ ਮੂਰਤਿ** | — ਉਸ ਦੀ ਸ਼ਕਲ ਕਾਲ ਰਹਿਤ ਹੈ, ਭਾਵ — ਸਮੇਂ ਦਾ ਉਸ ਉਤੇ ਕੋਈ ਪ੍ਰਭਾਵ ਨਹੀਂ। ਬਚਪਨ, ਜਵਾਨੀ, ਬੁਢੇਪਾ, ਮੌਤ ਉਸ ਨੂੰ ਨਹੀਂ ਆਉਂਦੀ। |
| **ਅਜੂਨੀ** | — ਉਹ ਜੂਨਾਂ ਵਿਚ ਨਹੀਂ ਆਉਂਦਾ; ਭਾਵ, ਜੰਮਦਾ-ਮਰਦਾ ਨਹੀਂ। |
| **ਸੈਭੰ** | — ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਉਸ ਨੂੰ ਕਿਸੇ ਨੇ ਨਹੀਂ ਬਣਾਇਆ। ਨਾ ਹੀ ਉਸ ਨੂੰ ਕਿਸੇ ਨੇ ਜਨਮ ਹੀ ਦਿੱਤਾ ਹੈ। |
| **ਗੁਰ ਪ੍ਰਸਾਦਿ** | — ਅਜਿਹਾ ਅਕਾਲ ਪੁਰਖ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ। |

ਨੋਟ : 1. ੴ ਦਾ ਸ਼ੁੱਧ ਉਚਾਰਨ **'ਇਕ ਓਅੰਕਾਰ'** ਹੈ।

2. "ਅਜੂਨੀ ਸੈਭੰ" ਦਾ ਪਾਠ ਵੱਖਰਾ-ਵੱਖਰਾ ਕਰਨਾ ਚਾਹੀਦਾ ਹੈ।

# 2. ਦਸ ਗੁਰੂ ਸਾਹਿਬ

1. ਗੁਰੂ ਨਾਨਕ ਦੇਵ ਜੀ
2. ਗੁਰੂ ਅੰਗਦ ਦੇਵ ਜੀ
3. ਗੁਰੂ ਅਮਰਦਾਸ ਜੀ
4. ਗੁਰੂ ਰਾਮਦਾਸ ਜੀ
5. ਗੁਰੂ ਅਰਜਨ ਦੇਵ ਜੀ

6. ਗੁਰੂ ਹਰਿਗੋਬਿੰਦ ਜੀ
7. ਗੁਰੂ ਹਰਿ ਰਾਇ ਜੀ
8. ਗੁਰੂ ਹਰਿ ਕ੍ਰਿਸ਼ਨ ਜੀ
9. ਗੁਰੂ ਤੇਗ਼ ਬਹਾਦਰ ਜੀ
10. ਗੁਰੂ ਗੋਬਿੰਦ ਸਿੰਘ ਜੀ

ਦਸਾਂ ਪਾਤਸ਼ਾਹੀਆਂ ਦੀ ਜੋਤਿ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।**

## 3. ਪੰਜ ਪਿਆਰੇ

1. ਭਾਈ ਦਇਆ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

## 4. ਚਾਰ ਸਾਹਿਬਜ਼ਾਦੇ

1. ਸਾਹਿਬ ਅਜੀਤ ਸਿੰਘ ਜੀ
2. ਸਾਹਿਬ ਜੁਝਾਰ ਸਿੰਘ ਜੀ
3. ਸਾਹਿਬ ਜ਼ੋਰਾਵਰ ਸਿੰਘ ਜੀ
4. ਸਾਹਿਬ ਫ਼ਤਹਿ ਸਿੰਘ ਜੀ

## 5. ਪੰਜ ਤਖ਼ਤਾਂ ਦੇ ਨਾਮ

1. ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ (ਪੰਜਾਬ)
2. ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ (ਬਿਹਾਰ)
3. ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ (ਪੰਜਾਬ)
4. ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ)
5. ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਪੰਜਾਬ)

## 6. ਫ਼ਤਹਿ

ਜਦੋਂ ਸਿੱਖ ਆਪਸ ਵਿਚ ਮਿਲਦੇ ਹਨ ਤਾਂ ਫ਼ਤਹਿ ਬੁਲਾਉਂਦੇ ਹਨ। ਫ਼ਤਹਿ ਇਹ ਹੈ :

**ਵਾਹਿਗੁਰੂ ਜੀ ਕਾ ਖ਼ਾਲਸਾ ॥**

**ਵਾਹਿਗੁਰੂ ਜੀ ਕੀ ਫ਼ਤਹਿ ॥**

ਫ਼ਤਹਿ ਬੁਲਾਉਣ ਸਮੇਂ ਨਾਲ 'ਸ੍ਰੀ' ਨਹੀਂ ਬੁਲਾਉਣਾ ਚਾਹੀਦਾ। ਸਿੱਖ ਵਾਸਤੇ ਫ਼ਤਹਿ ਬੁਲਾਉਣੀ, ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ। ਇਸ ਲਈ ਸਾਨੂੰ ਆਪਸ ਵਿਚ ਮਿਲਣ ਸਮੇਂ ਫ਼ਤਹਿ ਹੀ ਬੁਲਾਉਣੀ ਚਾਹੀਦੀ ਹੈ।

## 7. ਜੈਕਾਰਾ

**ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥**

ਇਹ ਸਿੰਘਾਂ ਦਾ ਜੈਕਾਰਾ ਹੈ। ਅਰਦਾਸ ਤੋਂ ਬਾਅਦ ਇਹ ਦੀਵਾਨ ਵਿਚ ਬੁਲਾਇਆ ਜਾਂਦਾ ਹੈ।

ਸਿੱਖ ਸਿਪਾਹੀ ਜੰਗਾਂ ਯੁੱਧਾਂ ਵਿਚ ਇਹੀ ਜੈਕਾਰਾ ਛੱਡਦੇ (ਬੁਲਾਉਂਦੇ) ਹਨ।

## 8. ਸਿੱਖ ਦੀ ਤਾਰੀਫ਼ (ਪਰਿਭਾਸ਼ਾ)

ਜੋ ਇਸਤਰੀ ਜਾਂ ਪੁਰਸ਼ ਕੇਵਲ ਇਕ ਅਕਾਲ-ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ—ਉਹ ਸਿੱਖ ਹੈ।

## 9. ਸਾਡਾ ਗੁਰੂ

ਅਸੀਂ ਸਿੱਖ ਹਾਂ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ। ਦਸਾਂ ਗੁਰੂਆਂ ਨੇ ਸਿੱਖੀ ਦਾ ਪ੍ਰਚਾਰ ਕੀਤਾ। ਸੰਨ 1708 ਵਿਚ ਨਾਂਦੇੜ ਵਿਖੇ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਕਿਹਾ— ਅੱਜ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹੋਣਗੇ। ਕੋਈ ਦੇਹਧਾਰੀ, ਗੁਰੂ ਨਹੀਂ ਹੋਵੇਗਾ। ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਰਹਿ ਕੇ ਸਿੱਖ ਪੰਥ ਦੀ ਅਗਵਾਈ ਕਰਨਗੇ। ਗੁਰੂ ਗ੍ਰੰਥ ਸਾਹਿਬ ਜੀ, ਦਸ ਗੁਰੂਆਂ ਦੀ ਆਤਮਿਕ ਜੋਤ ਹਨ। ਪੰਜ ਪਿਆਰੇ ਗੁਰੂ ਦਾ ਸਰੀਰ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂਆਂ ਦੇ ਉਪਦੇਸ਼ '**ਗੁਰਬਾਣੀ**' ਲਿਖੀ ਹੋਈ ਹੈ। ਇਸ ਲਈ ਸਾਡਾ ਗੁਰੂ, ਗੁਰਬਾਣੀ ਹੈ। ਅਸੀਂ ਹੁਣ ਕਿਸੇ ਮਨੁੱਖ ਨੂੰ ਗੁਰੂ ਨਹੀਂ ਮੰਨਣਾ। ਜਿਹੜਾ ਮਨੁੱਖ ਆਪਣੇ ਆਪ ਨੂੰ ਗੁਰੂ

ਅਖਵਾਉਂਦਾ ਹੈ ਉਹ ਪਖੰਡੀ ਹੈ, ਉਹ ਝੂਠ ਬੋਲਦਾ ਹੈ।

ਗੁਰੂ ਜੀ ਨੇ ਖ਼ਾਲਸਾ ਪੰਥ ਦੀ ਵਾਗਡੋਰ ਪੰਜਾਂ ਪਿਆਰਿਆਂ ਦੇ ਹੱਥ ਫੜਾਈ ਹੈ। ਹੁਣ ਸਾਡੇ ਸਾਰੇ ਫ਼ੈਸਲੇ ਪੰਜ ਪਿਆਰੇ ਹੀ ਕਰ ਸਕਦੇ ਹਨ। ਸਾਰੇ ਫ਼ੈਸਲੇ ਗੁਰਬਾਣੀ ਅਨੁਸਾਰ ਹੀ ਹੋਣਗੇ। ਕੋਈ ਇਕ ਮਨੁੱਖ ਫ਼ੈਸਲਾ ਨਹੀਂ ਦੇ ਸਕਦਾ। ਸਾਰੇ ਫ਼ੈਸਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਹੀ ਕਰ ਸਕਦੇ ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਸਮੇਂ ਇਹ ਉਪਦੇਸ਼ ਦਿੱਤਾ ਸੀ—**"ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ"**।

## 10. ਮੱਥਾ ਟੇਕਣਾ

ਗੁਰਸਿੱਖ ਜਦੋਂ ਗੁਰਦੁਆਰੇ ਜਾਂਦਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦਾ ਹੈ। ਮੱਥਾ ਟੇਕਣ ਦਾ ਮਤਲਬ ਇਹ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਹੁਕਮ ਮੰਨਣ ਲਈ ਤਿਆਰ ਹਾਂ।

ਮੱਥਾ ਟੇਕਣ ਉਪਰੰਤ ਖੜ੍ਹੇ ਹੋ ਕੇ, ਸਾਧ ਸੰਗਤਿ ਦੇ ਦਰਸ਼ਨ ਕਰਕੇ ਮਨ ਅੰਦਰ ਫ਼ਤਹਿ ਬੁਲਾਉਣੀ ਚਾਹੀਦੀ ਹੈ। ਗੁਰਸਿੱਖ ਕਦੇ ਭੁੱਲ ਕੇ ਵੀ ਕਿਸੇ ਦੇਹਧਾਰੀ ਨੂੰ ਮੱਥਾ ਨਹੀਂ ਟੇਕਦਾ। ਕਿਸੇ ਮੂਰਤੀ ਜਾਂ ਕਿਸੇ ਤਸਵੀਰ ਅੱਗੇ ਮੱਥਾ ਟੇਕਣਾ ਵੀ ਸਿੱਖ ਲਈ ਮਨ੍ਹਾ ਹੈ।

ਜੋ ਮਨੁੱਖ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਅੱਗੇ ਮੱਥਾ ਟੇਕਦਾ ਹੈ, ਉਹ ਗੁਰੂ ਦਾ ਸਿੱਖ ਨਹੀਂ। **ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੱਥਾ ਟੇਕਣਾ ਹੈ ਕਿਉਂਕਿ ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹੀ ਹਨ।**

## 11. ਬੀਬਾ ਸਿੱਖ ਬੱਚਾ

- ☐ ਬੀਬਾ ਸਿੱਖ ਬੱਚਾ ਅੰਮ੍ਰਿਤ ਵੇਲੇ ਉਠਦਾ ਹੈ।
- ☐ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਂਦਾ ਹੈ।
- ☐ ਦੰਦਾਂ ਦੀ ਸਫ਼ਾਈ ਕਰਨ ਉਪਰੰਤ ਇਸ਼ਨਾਨ ਕਰਦਾ ਹੈ।
- ☐ ਇਸ਼ਨਾਨ ਕਰਕੇ ਕੇਸਾਂ ਨੂੰ ਕੰਘਾ ਕਰਦਾ ਹੈ।
- ☐ ਫਿਰ ਦਸਤਾਰ ਸਜਾਉਂਦਾ ਹੈ।
- ☐ ਦਸਤਾਰ ਸਜਾ ਕੇ ਗੁਰਬਾਣੀ ਦਾ ਪਾਠ ਕਰਦਾ ਹੈ।
- ☐ ਫਿਰ ਗੁਰਦੁਆਰੇ ਜਾ ਕੇ ਮੱਥਾ ਟੇਕ ਕੇ ਕੀਰਤਨ ਸੁਣਦਾ ਹੈ।
- ☐ ਘਰ ਆ ਕੇ ਨਾਸ਼ਤਾ ਕਰਕੇ ਸਕੂਲ ਜਾਂਦਾ ਹੈ।

- ☐ ਸਕੂਲ ਦੀ ਪੜ੍ਹਾਈ ਦਿਲ ਲਾ ਕੇ ਕਰਦਾ ਹੈ।
- ☐ ਕਦੀ ਕਿਸੇ ਨਾਲ ਲੜਦਾ ਨਹੀਂ।
- ☐ ਕਿਸੇ ਨੂੰ ਗਾਲ੍ਹਾਂ ਨਹੀਂ ਕੱਢਦਾ।
- ☐ ਹਰ ਕਿਸੇ ਨਾਲ ਮਿੱਠਾ ਬੋਲਦਾ ਹੈ।
- ☐ ਕਦੀ ਝੂਠ ਨਹੀਂ ਬੋਲਦਾ।
- ☐ ਸਕੂਲ ਤੋਂ ਸਿੱਧਾ ਵਾਪਸ ਘਰ ਆਉਂਦਾ ਹੈ।
- ☐ ਸਰੀਰਕ ਕਸਰਤ ਅਤੇ ਖੇਡਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ।
- ☐ ਹਰ ਰੋਜ਼ ਗੁਰਬਾਣੀ ਦਾ ਪਾਠ ਤੇ ਸ਼ਬਦ ਯਾਦ ਕਰਦਾ ਹੈ।
- ☐ ਕਦੇ ਨੰਗੇ ਸਿਰ ਨਹੀਂ ਰਹਿੰਦਾ।
- ☐ ਸ਼ਾਮ ਨੂੰ ਰਹਰਾਸਿ ਸਾਹਿਬ ਦਾ ਪਾਠ ਸਾਰੇ ਭੈਣ ਭਰਾਵਾਂ ਨਾਲ ਮਿਲਕੇ ਕਰਦਾ ਹੈ।
- ☐ ਸੌਣ ਸਮੇਂ ਸੋਹਿਲਾ ਸਾਹਿਬ ਦੀ ਬਾਣੀ ਪੜ੍ਹ ਕੇ ਸੌਂਦਾ ਹੈ।
- ☐ ਹਰ ਸਮੇਂ ਵਾਹਿਗੁਰੂ ਨੂੰ ਅੰਗ-ਸੰਗ ਸਮਝਦਾ ਹੈ।

ਮਾਤਾ ਪਿਤਾ ਬੀਬੇ ਬੱਚੇ ਨੂੰ ਪਿਆਰ ਕਰਦੇ ਹਨ। ਅਜਿਹੇ ਬੀਬੇ ਬੱਚੇ ਉੱਤੇ ਗੁਰੂ ਜੀ ਵੀ ਪ੍ਰਸੰਨ ਹੁੰਦੇ ਹਨ। **ਅਸੀਂ ਵੀ ਇਹੋ ਜਿਹੇ ਬੀਬੇ ਬੱਚੇ ਬਣਨਾ ਹੈ।**

## 12. ਸਾਡਾ ਸਾਂਝਾ ਪਰਿਵਾਰ (ਖ਼ਾਲਸਾ ਪੰਥ)

ਅਸੀਂ ਸਭ ਇਕੋ ਪਰਿਵਾਰ ਦੇ ਮੈਂਬਰ ਹਾਂ। "**ਖ਼ਾਲਸਾ ਪੰਥ**" ਸਾਡਾ ਸਾਂਝਾ ਪਰਿਵਾਰ ਹੈ। ਗੁਰੂ ਗੋਬਿੰਦ ਸਿੰਘ ਜੀ ਸਾਡੇ ਧਾਰਮਿਕ ਪਿਤਾ ਹਨ। ਮਾਤਾ ਸਾਹਿਬ ਕੌਰ ਜੀ ਸਾਡੇ ਧਾਰਮਿਕ ਮਾਤਾ ਹਨ। ਸਾਡਾ ਜਨਮ ਅਸਥਾਨ ਸ੍ਰੀ ਕੇਸਗੜ੍ਹ ਸਾਹਿਬ ਹੈ। ਅਸੀਂ ਸਾਰੇ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਹਾਂ।

ਸਾਡੇ ਸਭ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਅਸੀਂ ਸਭ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਦੇ ਮੈਂਬਰ ਬਣਦੇ ਹਾਂ। ਸਾਡੀ ਸਭ ਦੀ ਸ਼ਕਲ ਇਕੋ ਜਿਹੀ ਹੈ। ਸਾਡੀ ਸਭ ਦੀ ਪੰਜ ਕਕਾਰ ਦੀ ਵਰਦੀ ਵੀ ਇਕੋ ਜਿਹੀ ਹੈ। ਕਿਉਂਕਿ ਅਸੀਂ ਸਭ ਖ਼ਾਲਸਾ ਪਰਿਵਾਰ ਦੇ ਮੈਂਬਰ ਹਾਂ, ਇਸ ਲਈ ਅਸੀਂ ਸਾਰੇ ਭੈਣ ਭਰਾ ਹਾਂ। ਸਾਡੇ ਸਾਰਿਆਂ ਦੇ ਦੁੱਖ-ਸੁਖ ਸਾਂਝੇ ਹਨ। ਅਸੀਂ ਅੰਮ੍ਰਿਤ ਛਕ ਕੇ ਹੀ ਸਾਂਝੇ ਪਰਿਵਾਰ ਦੇ ਮੈਂਬਰ ਬਣ ਸਕਦੇ ਹਾਂ। **ਇਸ ਲਈ ਸਾਨੂੰ ਸਭ ਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ।**

## 13. ਅੰਮ੍ਰਿਤ ਇਕ ਪ੍ਰਣ

ਕਈ ਸਿੱਖ ਅੰਮ੍ਰਿਤ ਨਹੀਂ ਛਕਦੇ। ਉਹ ਡਰਦੇ ਹਨ ਕਿ ਉਹਨਾਂ ਕੋਲੋਂ ਅੰਮ੍ਰਿਤ ਦੀ ਬੇਅਦਬੀ ਹੋ ਜਾਵੇਗੀ। ਇਹ ਉਹਨਾਂ ਦੀ ਭੁੱਲ ਹੈ। ਹਰ ਇਕ ਧਰਮ ਵਿਚ ਦਾਖ਼ਲ ਹੋਣ ਵਾਸਤੇ ਪ੍ਰਣ ਲੈਣਾ ਪੈਂਦਾ ਹੈ। ਅੰਮ੍ਰਿਤ ਸਿੱਖੀ ਵਿਚ ਦਾਖ਼ਲ ਹੋਣ ਵਾਸਤੇ ਇਕ ਪ੍ਰਣ ਹੈ। ਇਸ ਦਾ ਅਰਥ ਹੈ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਧਾਰਨ ਕਰਨਾ

ਤੇ ਪੰਜਾਂ ਪਿਆਰਿਆਂ ਵਲੋਂ ਦੱਸੀ ਗਈ ਰਹਿਤ ਮਰਯਾਦਾ ਤੇ ਚੱਲਣ ਦਾ ਪ੍ਰਣ ਲੈਣਾ। ਇਹ ਪ੍ਰਣ ਕਰਨ ਵਾਲਾ ਕੇਵਲ ਇਕ ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਕਰਦਾ ਹੈ। ਧਰਮ ਦੀ ਸੱਚੀ ਤੇ ਸੁੱਚੀ ਕਿਰਤ ਕਰਦਾ ਹੈ। ਲੋੜਵੰਦਾਂ ਨਾਲ ਵੰਡ ਕੇ ਛਕਦਾ ਹੈ। ਸਰਬੱਤ ਦਾ ਭਲਾ ਮੰਗਦਾ ਹੈ। ਪੰਜ ਕਕਾਰਾਂ ਦੀ ਵਰਦੀ ਧਾਰਨ ਕਰ ਕੇ ਗੁਰੂ ਜੀ ਦਾ ਸੱਚਾ ਸਿਦਕੀ ਸਿੱਖ ਬਣਦਾ ਹੈ।

ਅੰਮ੍ਰਿਤਧਾਰੀ ਸਿੱਖ ਅਜਿਹਾ ਕੋਈ ਵੀ ਕੰਮ ਨਹੀਂ ਕਰਦਾ ਜਿਸ ਦੀ ਗੁਰੂ ਜੀ ਮਨਾਹੀ ਕਰਦੇ ਹਨ। ਉਹ ਚਾਰ ਕੁਰਹਿਤਾਂ ਤੋਂ ਬਚ ਕੇ ਰਹਿੰਦਾ ਹੈ। ਕੋਈ ਨਸ਼ਾ ਨਹੀਂ ਵਰਤਦਾ। ਕੋਈ ਵਹਿਮ-ਭਰਮ ਨਹੀਂ ਕਰਦਾ। ਕੋਈ ਵਰਤ ਨਹੀਂ ਰਖਦਾ। ਇਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦਾ। ਸੱਪਾਂ, ਦਰੱਖਤਾਂ, ਕਬਰਾਂ ਜਾਂ ਮੜ੍ਹੀਆਂ ਦੀ ਪੂਜਾ ਨਹੀਂ ਕਰਦਾ ਅਤੇ ਨਾ ਹੀ ਧਾਗੇ-ਤਵੀਤ, ਜੰਤਰ-ਮੰਤਰ, ਜਾਦੂ-ਟੂਣੇ ਆਦਿ ਵਿਚ ਵਿਸ਼ਵਾਸ ਰਖਦਾ ਹੈ।

ਜਿਹੜੇ ਸਿੱਖ ਅੰਮ੍ਰਿਤ ਨਹੀਂ ਛਕਦੇ, ਉਹਨਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ :

**ਧਰੇ ਕੇਸ ਪਾਹੁਲ ਬਿਨਾਂ, ਭੇਖੀ ਮੂੜਾ ਸਿੱਖ॥**
**ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿੱਖ॥**

ਮਤਲਬ ਇਹ ਹੈ ਕਿ ਜਿਸ ਨੇ ਕੇਸ ਤਾਂ ਰੱਖੇ ਹਨ ਪਰ ਅੰਮ੍ਰਿਤ ਨਹੀਂ ਛਕਿਆ, ਉਹ ਬਹੁਰੂਪੀਆ ਹੈ, ਉਹ ਸਿੱਖ ਨਹੀਂ, ਉਹ ਤਾਂ ਸਿਰਫ਼ ਸਿੱਖ ਹੋਣ ਦਾ ਨਾਟਕ ਹੀ ਕਰ ਰਿਹਾ ਹੈ ਤੇ ਝੂਠ ਬੋਲਦਾ ਹੈ ਕਿ ਮੈਂ ਸਿੱਖ ਹਾਂ। ਗੁਰੂ ਜੀ ਕਹਿੰਦੇ ਹਨ, ਮੈਂ ਐਸੇ ਝੂਠੇ ਬੰਦੇ ਨੂੰ ਦਰਸ਼ਨ ਨਹੀਂ ਦਿੰਦਾ।

ਜੇ ਅਸੀਂ ਅਜੇ ਅੰਮ੍ਰਿਤ ਨਹੀਂ ਛਕਿਆ ਤਾਂ ਸਾਨੂੰ ਇਕ ਦਮ ਤਿਆਰ ਹੋ ਕੇ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ, ਤਾਂ ਹੀ ਅਸੀਂ ਗੁਰੂ ਜੀ ਦੇ ਸੱਚੇ ਸਿੱਖ ਬਣ ਸਕਦੇ ਹਾਂ।

**ਸਿੱਖ ਦਾ ਮਤਲਬ ਹੈ ਕਿ ਉਹ "ਗੁਰੂ ਵਾਲਾ" ਹੈ ਤੇ ਉਹ ਗੁਰੂ ਦਾ ਸਿੱਖ ਹੈ। ਉਸ ਨੇ ਗੁਰੂ ਧਾਰਨ ਕੀਤਾ ਹੋਇਆ ਹੈ। ਇਹ ਫ਼ੈਸਲਾ ਤਾਂ ਗੁਰੂ ਨੇ ਕਰਨਾ ਹੈ ਕਿ ਕੌਣ ਉਸ ਦਾ ਸਿੱਖ ਹੈ ਤੇ ਕੌਣ ਨਹੀਂ। ਤਾਂ ਤੇ ਗੁਰੂ ਜੀ ਦਾ ਫ਼ੈਸਲਾ ਹੈ ਕਿ ਜਿਹੜਾ ਅੰਮ੍ਰਿਤ ਛਕੇ, ਉਹੀ ਮੇਰਾ ਸਿੱਖ ਹੈ। ਆਉ ! ਅਸੀਂ ਸਾਰੇ ਅੰਮ੍ਰਿਤ ਛਕੀਏ ਤੇ ਗੁਰੂ ਜੀ ਦੇ ਸੱਚੇ ਸਿੱਖ ਬਣੀਏ।**

## 14. ਪੰਜ ਕਕਾਰ

**1. ਕੇਸ 2. ਕੰਘਾ 3. ਕੜਾ 4. ਕਛਹਿਰਾ 5. ਕਿਰਪਾਨ**

ਹਰ ਸਿੱਖ ਲਈ ਪੰਜ ਕਕਾਰਾਂ ਦੀ ਵਰਦੀ ਪਾਉਣੀ ਜ਼ਰੂਰੀ ਹੈ। ਇਸ ਤਰ੍ਹਾਂ ਸਿੱਖ ਦੂਸਰਿਆਂ ਨਾਲੋਂ ਵੱਖਰਾ ਪਹਿਚਾਣਿਆ ਜਾਂਦਾ ਹੈ।

1. **ਕੇਸ** : ਕੇਸਾਂ ਨਾਲ ਸਿੱਖ ਦੀ ਦੂਜਿਆਂ ਨਾਲੋਂ ਵੱਖਰੀ ਪਹਿਚਾਣ ਹੁੰਦੀ ਹੈ। ਸਿੱਖ ਕੇਸ ਨਹੀਂ ਕਟਾਉਂਦਾ ਭਾਵੇਂ ਜਾਨ ਚਲੀ ਜਾਏ। ਸਿੱਖ ਕੇਸਾਂ ਨੂੰ ਗੁਰੂ ਵੱਲੋਂ ਬਖ਼ਸ਼ਿਆ ਹੋਇਆ ਖਜ਼ਾਨਾ ਸਮਝਦਾ ਹੈ। ਸਿੱਖ ਨੰਗੇ ਸਿਰ ਨਹੀਂ ਰਹਿੰਦਾ। ਨੰਗੇ ਕੇਸਾਂ ਵਿਚ ਮਿੱਟੀ-ਘੱਟਾ ਪੈਂਦਾ ਹੈ, ਇਸ ਲਈ ਸਿੱਖ ਕੇਸਾਂ ਨੂੰ ਦਸਤਾਰ ਨਾਲ ਢੱਕ ਕੇ ਰਖਦਾ ਹੈ। ਜਿਹੜਾ ਸਿੱਖ ਦਾੜ੍ਹੀ, ਮੁੱਛਾਂ ਜਾਂ ਕੇਸ ਕਟਵਾਏ ਜਾਂ ਰੋਮਾਂ ਦੀ ਬੇਅਦਬੀ ਕਰੇ, ਉਸ ਨੂੰ 'ਪਤਿਤ' ਕਹਿੰਦੇ ਹਨ। 'ਪਤਿਤ' ਸਿੱਖੀ 'ਚੋਂ ਕੱਢੇ ਹੋਏ ਨੂੰ ਕਿਹਾ ਜਾਂਦਾ ਹੈ। ਸਿੱਖ ਬੀਬੀਆਂ ਨੂੰ ਵੀ ਕੇਸਾਂ ਜਾਂ ਰੋਮਾਂ ਦੀ ਬੇਅਦਬੀ ਨਹੀਂ ਕਰਨੀ ਚਾਹੀਦੀ। ਅੱਖਾਂ ਦੇ ਭਰਵੱਟੇ ਕੱਟਣਾ ਵੀ ਕੇਸਾਂ ਦੀ ਬੇਅਦਬੀ ਕਰਨਾ ਹੈ।

2. **ਕੰਘਾ** : ਕੇਸਾਂ ਦੀ ਸਫ਼ਾਈ ਵਾਸਤੇ ਕੰਘਾ ਹੁੰਦਾ ਹੈ। ਸਿੱਖ, ਕੰਘੇ ਨੂੰ ਹਰ ਵਕਤ ਕੇਸਾਂ ਵਿਚ ਰਖਦੇ ਹਨ। ਸਿੱਖਾਂ ਦੇ ਕੇਸ ਖਿੱਲਰੇ ਨਹੀਂ ਰਹਿੰਦੇ। ਕੰਘਾ ਲੱਕੜੀ ਦਾ ਵਰਤਿਆ ਜਾਂਦਾ ਹੈ। ਸਿੱਖ ਦੋਨੋਂ ਵਕਤ ਸਵੇਰੇ-ਸ਼ਾਮ ਕੰਘਾ ਕਰਦਾ ਹੈ। ਕੰਘਾ ਕਰਨ ਨਾਲ ਕੇਸ ਸਾਫ਼ ਰਹਿੰਦੇ ਹਨ ਤੇ ਸਰੀਰ ਚੁਸਤ ਰਹਿੰਦਾ ਹੈ। 'ਕੰਘਾ' ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਕਦੀ ਢਿੱਲੜ ਨਹੀਂ ਹੁੰਦਾ। ਇਸ ਲਈ ਹਰ ਸਿੱਖ ਨੂੰ ਆਪਣੇ ਕੇਸਾਂ ਵਿਚ ਲੱਕੜੀ ਦਾ ਕੰਘਾ ਰੱਖਣਾ ਚਾਹੀਦਾ ਹੈ।

3. **ਕੜਾ** : ਕੜਾ ਲੋਹੇ ਦਾ ਹੁੰਦਾ ਹੈ। ਸੋਨਾ, ਚਾਂਦੀ ਜਾਂ ਕਿਸੇ ਹੋਰ ਧਾਤ ਦਾ ਬਣਿਆ ਕੜਾ, ਗੁਰੂ ਜੀ ਦਾ ਬਖ਼ਸ਼ਿਆ ਹੋਇਆ ਕਕਾਰ ਨਹੀਂ ਅਖਵਾ ਸਕਦਾ। ਕੜਾ ਸਾਬਤ ਕਰਦਾ ਹੈ ਕਿ ਸਿੱਖ ਵਹਿਮ-ਭਰਮ ਨਹੀਂ ਕਰਦਾ। ਕੜਾ ਪਾਉਣਾ ਹਰ ਸਿੱਖ ਵਾਸਤੇ ਬਹੁਤ ਜ਼ਰੂਰੀ ਹੈ।

4. **ਕਛਹਿਰਾ** : ਹਰ ਸਿੱਖ ਕਛਹਿਰਾ ਪਹਿਨਦਾ ਹੈ। ਸਿੱਖ ਦਾ ਕਛਹਿਰਾ ਵੀ ਦੂਸਰਿਆਂ ਨਾਲੋਂ ਵੱਖਰਾ ਹੁੰਦਾ ਹੈ। ਕਛਹਿਰਾ ਰੇਬਦਾਰ ਹੁੰਦਾ ਹੈ। ਸਿੱਖ ਕੱਛੀ, ਜਾਂਘੀਆ, ਨਿੱਕਰ-ਕੱਛਾ, ਪਟੇਦਾਰ ਕੱਛਾ ਨਹੀਂ ਪਾਉਂਦਾ। ਕਛਹਿਰੇ ਦੀ ਬਣਤਰ ਬੜੀ ਸੁਚੱਜੀ ਅਤੇ ਆਪਣੀ ਵੱਖਰੀ ਕਿਸਮ ਦੀ ਹੁੰਦੀ ਹੈ। ਸਿੱਖ ਦਾ ਕਛਹਿਰਾ, ਉਸ ਦੇ ਉੱਚੇ-ਸੁੱਚੇ ਆਚਰਣ ਦਾ ਪ੍ਰਤੀਕ ਹੈ।

5. **ਕਿਰਪਾਨ** : ਸਿੱਖ ਕਿਰਪਾਨ ਪਹਿਨਦਾ ਹੈ। ਕਿਰਪਾਨ ਬਹਾਦਰ ਲੋਕ ਪਾਉਂਦੇ ਹਨ। ਗੁਰੂ ਜੀ ਨੇ ਸਿੱਖਾਂ ਨੂੰ ਬਹਾਦਰ ਬਣਾਇਆ ਹੈ। ਕਿਰਪਾਨ ਸਿੱਖ ਦੀ ਆਜ਼ਾਦ ਹਸਤੀ ਪ੍ਰਗਟ ਕਰਦੀ ਹੈ ਅਤੇ ਦੱਸਦੀ ਹੈ ਕਿ ਸਿੱਖ ਕਿਸੇ ਦਾ ਗ਼ੁਲਾਮ ਨਹੀਂ ਹੋ ਸਕਦਾ। ਕੰਘੇ ਨਾਲ ਲੱਗੀ ਨਿੱਕੀ ਕਿਰਪਾਨ ਨੂੰ ਕਕਾਰ ਨਹੀਂ ਕਹਿੰਦੇ। ਕਿਰਪਾਨ ਗਾਤਰੇ ਵਾਲੀ, ਗਲ ਵਿਚ ਪਾਈ ਜਾਂਦੀ ਹੈ। ਧਾਗੇ ਵਿਚ ਪ੍ਰੋ ਕੇ ਗਲ ਵਿਚ ਪਾਉਣ ਵਾਲੀ ਕਿਰਪਾਨ ਕਕਾਰ ਨਹੀਂ ਅਖਵਾ ਸਕਦੀ।

# 15. ਚਾਰ ਕੁਰਹਿਤਾਂ

1. ਕੇਸਾਂ ਦੀ ਬੇਅਦਬੀ ਕਰਨੀ (ਕੇਸ ਕੱਟਣੇ, ਪੁੱਟਣੇ, ਰੋਮਾਂ ਦੀ ਬੇਅਦਬੀ ਕਰਨੀ)।
2. ਤੰਬਾਕੂ ਵਰਤਣਾ।
3. ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਇਆ (ਕੁੱਠਾ, ਹਲਾਲ) ਮਾਸ ਖਾਣਾ।
4. ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਸੰਗ ਕਰਨਾ।

ਇਹਨਾਂ ਵਿਚੋਂ ਕੋਈ ਇਕ ਵੀ ਕੁਰਹਿਤ ਕਰਨ ਨਾਲ ਸਿੱਖ, ਸਿੱਖ ਨਹੀਂ ਰਹਿੰਦਾ, ਪਤਿਤ ਹੋ ਜਾਂਦਾ ਹੈ।

**ਸਿੱਖੀ ਵਿਚ ਦੁਬਾਰਾ ਪ੍ਰਵੇਸ਼ ਕਰਨ ਲਈ ਪੰਜਾਂ ਪਿਆਰਿਆਂ ਪਾਸ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੇਸ਼ ਹੋਣਾ ਪੈਂਦਾ ਹੈ, ਭੁੱਲ ਬਖ਼ਸ਼ਾ ਕੇ ਸਜ਼ਾ ਲਵਾਉਣੀ ਪੈਂਦੀ ਹੈ ਅਤੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।**

# 16. ਕੇਸਾਂ ਦਾ ਸਤਿਕਾਰ

ਕੇਸ ਗੁਰੂ ਜੀ ਦੀ ਮੋਹਰ ਹਨ। ਕੇਸ ਮਹਾਨ ਗੁਰੂ ਜੀ ਦੀ ਮਹਾਨ ਬਖ਼ਸ਼ਿਸ਼ ਹਨ। ਅਸੀਂ ਕੇਸਾਂ ਸਦਕਾ ਹੀ 'ਸਿੱਖ' ਪਹਿਚਾਣੇ ਜਾਂਦੇ ਹਾਂ। ਕੇਸਾਂ ਦੀ ਖ਼ਾਤਰ ਸਾਡੇ ਮਹਾਨ ਸ਼ਹੀਦਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਇਸ ਲਈ ਕੇਸਾਂ ਦਾ ਸਤਿਕਾਰ ਕਰਨਾ ਸਾਡਾ ਮੁੱਖ ਫ਼ਰਜ਼ ਹੈ। ਜੋ ਕੇਸਾਂ ਦਾ ਸਤਿਕਾਰ ਨਹੀਂ ਕਰਦਾ, ਕੇਸ ਕਟਾਉਂਦਾ, ਪੁੱਟਦਾ ਜਾਂ ਤੋੜਦਾ ਹੈ, ਉਸ ਨੂੰ ਸਿੱਖ ਨਹੀਂ ਕਿਹਾ ਜਾ ਸਕਦਾ।

ਸਿੱਖ ਬੱਚੇ ਹਮੇਸ਼ਾ ਸਿਰ ਤੇ ਦਸਤਾਰ ਸਜਾਉਂਦੇ ਹਨ। ਕਦੀ ਵੀ ਨੰਗੇ ਸਿਰ ਬਾਹਰ ਨਹੀਂ ਜਾਂਦੇ। ਨੰਗੇ ਸਿਰ ਭੋਜਨ ਨਹੀਂ ਛਕਦੇ। ਨੰਗੇ ਸਿਰ ਰਹਿਣ ਨਾਲ ਮਿੱਟੀ ਘੱਟਾ ਕੇਸਾਂ ਵਿਚ ਪੈਂਦਾ ਹੈ। ਜੇ ਕੇਸਾਂ ਨੂੰ ਕੰਘਾ ਨਾ ਕਰੀਏ ਤਾਂ ਖਿਲਰੇ ਕੇਸ ਸ਼ੋਭਾ ਨਹੀਂ ਦਿੰਦੇ। ਸਾਨੂੰ ਹਮੇਸ਼ਾ ਕੇਸਾਂ ਨੂੰ ਦਸਤਾਰ ਜਾਂ ਚੁੰਨੀ ਨਾਲ ਪੂਰੀ ਤਰ੍ਹਾਂ ਢੱਕ ਕੇ ਬਾਹਰ ਜਾਣਾ ਚਾਹੀਦਾ ਹੈ।

ਸਿੱਖ ਬੱਚੀਆਂ ਹਮੇਸ਼ਾ ਸਿਰ ਤੇ ਦਸਤਾਰ ਜਾਂ ਚੁੰਨੀ ਕਰ ਕੇ ਰਖਦੀਆਂ ਹਨ। ਦਸਤਾਰ ਜਾਂ ਚੁੰਨੀ ਨਾਲ ਕੇਸ ਢਕੇ ਰਹਿੰਦੇ ਹਨ। ਚੁੰਨੀ ਗਲ ਵਿਚ ਪਾਉਣ ਨਾਲ ਕੇਸ ਨੰਗੇ ਰਹਿੰਦੇ ਹਨ। ਇਸ ਤਰ੍ਹਾਂ ਕੇਸਾਂ ਦਾ ਸਤਿਕਾਰ ਨਹੀਂ ਹੁੰਦਾ। ਨੰਗੇ ਸਿਰ ਰਹਿਣ ਵਾਲੇ ਬੱਚੇ-ਬੱਚੀਆਂ 'ਤੇ ਗੁਰੂ ਜੀ ਪ੍ਰਸੰਨ ਨਹੀਂ ਹੁੰਦੇ। **ਇਸ ਲਈ ਸਾਨੂੰ ਸਦਾ ਕੇਸਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਕੇਸ ਗੁਰੂ ਜੀ ਦੀ ਸਾਡੇ 'ਤੇ ਮਹਾਨ ਬਖ਼ਸ਼ਿਸ਼ ਹਨ।**

# 17. ਖ਼ਾਲਸਾ ਕੌਣ ?

**ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮੱਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ, ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥**

*(੩੩ ਸਵਈਏ, ਪਾਤਸ਼ਾਹੀ ੧੦)*

ਜੋ ਮਨੁੱਖ ਆਪਣੇ ਮਨ ਵਿਚ ਦਿਨ ਰਾਤ ਪ੍ਰਭੂ ਦਾ ਧਿਆਨ ਧਰਦਾ ਹੈ;

ਜੋ ਇਕ ਪ੍ਰਭੂ ਨੂੰ ਛੱਡ ਕੇ ਹੋਰ ਕਿਸੇ ਨੂੰ ਥੋੜ੍ਹਾ ਜਿੰਨਾ ਵੀ ਮਨ ਵਿਚ ਨਹੀਂ ਲਿਆਉਂਦਾ;

ਜੋ ਪ੍ਰਭੂ ਉਪਰ ਪੂਰਨ ਵਿਸ਼ਵਾਸ ਕਰਦਾ ਅਤੇ ਉਸ ਨਾਲ ਪੱਕਾ ਪਿਆਰ ਪਾਉਂਦਾ ਹੈ;

ਜੋ ਭੁੱਲ ਕੇ ਵੀ ਕਦੀ ਵਰਤ ਨਹੀਂ ਰੱਖਦਾ, ਕਬਰਾਂ, ਮੜ੍ਹੀਆਂ ਅਤੇ ਮੱਠਾਂ ਦੀ ਪੂਜਾ ਨਹੀਂ ਕਰਦਾ;

ਜੋ ਤੀਰਥ ਯਾਤਰਾ, ਵਿਖਾਵੇ ਦੇ ਦਾਨ, ਵਹਿਮਾਂ-ਭਰਮਾਂ ਵਾਲੀ ਦਇਆ ਤੇ ਸਰੀਰ ਨੂੰ ਕਸ਼ਟ ਦੇਣ ਵਾਲੀ ਤਪ ਸਾਧਨਾ ਨੂੰ ਨਹੀਂ ਮੰਨਦਾ; ਕੇਵਲ ਪ੍ਰਭੂ ਨਾਲ ਪਿਆਰ ਪਾਉਣਾ ਹੀ ਆਪਣਾ ਜੀਵਨ ਮਨੋਰਥ ਸਮਝਦਾ ਹੈ;

**ਜਿਸ ਦੇ ਮਨ ਵਿਚ ਪ੍ਰਭੂ ਦੇ ਪੂਰਨ ਗਿਆਨ ਦੀ ਜੋਤਿ, ਭਾਵ ਗਿਆਨ ਦਾ ਚਾਨਣ ਲਟ-ਲਟ ਜਗਦਾ ਹੋਵੇ, ਉਹ ਮਨੁੱਖ ਹੀ ਸ਼ੁੱਧ ਆਦਰਸ਼ਕ ਇਨਸਾਨ ਹੈ। ਅਜਿਹਾ ਧਰਮੀ ਮਨੁੱਖ ਹੀ ਪੂਰਨ ਖ਼ਾਲਸਾ ਅਖਵਾ ਸਕਦਾ ਹੈ।**

# 18. ਸ਼ਰਾਬ

ਸ਼ਰਾਬ ਪੀਣੀ ਸਿੱਖਾਂ ਵਾਸਤੇ ਬਿਲਕੁਲ ਮਨ੍ਹਾਂ ਹੈ।

ਗੁਰਬਾਣੀ ਦਾ ਫ਼ੁਰਮਾਨ ਹੈ :

**ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥**

*(ਸਲੋਕ, ਮ: ੩, ਪੰਨਾ ੫੫੪)*

ਜਿਸ ਸ਼ਰਾਬ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਮਨੁੱਖ ਝੱਲਪੁਣਾ

ਖਿਲਾਰਨ ਅਤੇ ਮੂੰਹੋਂ ਊਲ-ਜਲੂਲ ਬਕਣ ਲੱਗ ਜਾਂਦਾ ਹੈ, ਆਪਣੇ ਪਰਾਏ ਦੀ ਪਹਿਚਾਣ ਨਹੀਂ ਰਹਿੰਦੀ ਤੇ ਪ੍ਰਭੂ ਵਲੋਂ ਧੱਕੇ ਪੈਂਦੇ ਹਨ; ਜਿਸ ਸ਼ਰਾਬ ਨੂੰ ਪੀਣ ਨਾਲ ਪ੍ਰਭੂ ਵਿਸਰਦਾ ਹੈ ਅਤੇ ਮਨੁੱਖ ਪ੍ਰਭੂ ਦੀ ਦਰਗਾਹ ਵਿਚ ਸਜ਼ਾ ਪਾਉਂਦਾ ਹੈ, ਐਸੀ ਚੰਦਰੀ ਸ਼ਰਾਬ ਕਦੇ ਭੁੱਲ ਕੇ ਵੀ ਨਹੀਂ ਪੀਣੀ ਚਾਹੀਦੀ।

- ਸ਼ਰਾਬ ਪੀਣ ਵਾਲਾ ਆਪਣੀ ਹੋਸ਼ ਭੁਲਾ ਬੈਠਦਾ ਹੈ।
- ਸ਼ਰਾਬ ਪੀਣ ਵਾਲੇ ਨਸ਼ੇ ਵਿਚ ਊਟ-ਪਟਾਂਗ ਬੋਲਦੇ ਹਨ।
- ਸ਼ਰਾਬ ਪੀਣ ਵਾਲੇ ਗੰਦੇ ਨਾਲਿਆਂ ਤੇ ਚਿੱਕੜਾਂ ਵਿਚ ਡਿੱਗੇ ਹੁੰਦੇ ਹਨ।
- ਸ਼ਰਾਬ ਪੀਣ ਵਾਲੇ ਨੂੰ ਆਪਣੇ-ਪਰਾਏ ਦੀ ਤਮੀਜ਼ ਨਹੀਂ ਰਹਿੰਦੀ।
- ਸ਼ਰਾਬ ਜਿਗਰ ਨੂੰ ਖ਼ਰਾਬ ਕਰਦੀ ਹੈ।
- ਸ਼ਰਾਬ ਪੀਣ ਨਾਲ ਸਰੀਰ ਕਮਜ਼ੋਰ ਹੋ ਜਾਂਦਾ ਹੈ। ਪੇਟ ਗੁਬਾਰੇ ਵਾਂਗ ਫੁੱਲਣ ਲੱਗ ਪੈਂਦਾ ਹੈ।
- ਸ਼ਰਾਬ ਪੀਣ ਵਾਲਿਆਂ ਨੂੰ ਜਵਾਨੀ ਵਿਚ ਹੀ ਦਿਲ ਦੀ ਬਿਮਾਰੀ ਲਗ ਜਾਂਦੀ ਹੈ। ਦਿਲ ਦੇ ਦੌਰੇ ਦੇ ਬਹੁਤੇ ਮਰੀਜ਼ ਸ਼ਰਾਬ ਪੀਣ ਵਾਲੇ ਹੀ ਹੁੰਦੇ ਹਨ।
- ਸ਼ਰਾਬ ਦੀ ਬਦਬੂ ਇਤਨੀ ਗੰਦੀ ਹੁੰਦੀ ਹੈ ਕਿ ਸ਼ਰਾਬੀ ਆਦਮੀ ਕੋਲ ਬੈਠਣਾ ਔਖਾ ਹੋ ਜਾਂਦਾ ਹੈ।
- ਸ਼ਰਾਬ ਪੀਣ ਨਾਲ ਸਰੀਰ ਦੀਆਂ ਨਾੜੀਆਂ ਕਮਜ਼ੋਰ ਹੋ ਜਾਂਦੀਆਂ ਹਨ।
- ਕਈ ਲੋਕ ਸ਼ਰਾਬੀਆਂ ਨੂੰ ਸ਼ਰਾਬ ਪਿਲਾ ਕੇ ਬਦਲਾ ਕੱਢ ਲੈਂਦੇ ਹਨ।
- ਸ਼ਰਾਬੀ ਕਿਧਰੇ ਤੁਰ ਰਿਹਾ ਹੋਵੇ ਤਾਂ ਮਲੂਮ ਹੁੰਦਾ ਹੈ ਜਿਵੇਂ ਕੋਈ ਪਾਗਲ, ਪਾਗਲਖ਼ਾਨੇ ਜਾ ਰਿਹਾ ਹੈ।
- ਸ਼ਰਾਬ ਪੀ ਕੇ ਬੱਸਾਂ, ਕਾਰਾਂ ਚਲਾਉਣ ਵਾਲੇ ਐਕਸੀਡੈਂਟ ਕਰ ਬੈਠਦੇ ਹਨ।

**ਇਸ ਲਈ ਸਾਨੂੰ ਸ਼ਰਾਬ ਬਿਲਕੁਲ ਨਹੀਂ ਪੀਣੀ ਚਾਹੀਦੀ ਤੇ ਨਾ ਹੀ ਸ਼ਰਾਬੀ ਆਦਮੀ ਕੋਲ ਬੈਠਣਾ ਚਾਹੀਦਾ ਹੈ।**

**ਅਸੀਂ ਗੁਰੂ ਜੀ ਦੇ ਸੱਚੇ ਸਿੱਖ ਤਾਂ ਹੀ ਅਖਵਾ ਸਕਦੇ ਹਾਂ ਜੇ ਸ਼ਰਾਬ ਵਰਗੀ ਲਾਹਨਤ ਤੋਂ ਬਚ ਕੇ ਵਾਹਿਗੁਰੂ ਦੇ ਨਾਮ ਦਾ ਸੱਚਾ ਰਸ ਪੀਣ ਦੇ ਆਦੀ ਬਣੀਏ।**

# 19. ਤੰਬਾਕੂ (ਸਿਗਰਟ)

- ਤੰਬਾਕੂ ਪੀਣਾ ਜਾਂ ਖਾਣਾ ਸਿੱਖ ਲਈ ਬਿਲਕੁਲ ਮਨ੍ਹਾਂ ਹੈ।

**ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ :**

**ਕੁੱਠਾ ਹੁੱਕਾ ਚਰਸ ਤਮਾਕੂ॥**
**ਗਾਂਜਾ, ਟੋਪੀ, ਤਾੜੀ, ਖਾਕੂ॥**
**ਇਨ ਕੀ ਓਰ ਨ ਕਬਹੂ ਦੇਖੇ॥**
**ਰਹਤਵੰਤ ਸੋ ਸਿੰਘ ਵਿਸੇਖੇ॥**

ਭਾਵ ਗੁਰੂ ਦਾ ਸਿੱਖ ਕਿਸੇ ਕਿਸਮ ਦਾ ਨਸ਼ਾ ਨਾ ਵਰਤੇ।

- ਸਿਗਰਟ ਬੀੜੀਆਂ ਤੰਬਾਕੂ ਤੋਂ ਬਣਦੀਆਂ ਹਨ।
- ਤੰਬਾਕੂ ਦੀ ਬੂ, ਗੰਧ ਬਹੁਤ ਗੰਦੀ ਹੁੰਦੀ ਹੈ।
- ਤੰਬਾਕੂ ਦੀ ਵਰਤੋਂ ਨਾਲ ਫੇਫੜਿਆਂ ਵਿਚ ਕਾਲਖ ਜੰਮ ਜਾਂਦੀ ਹੈ। ਮਨੁੱਖ ਠੀਕ ਤਰ੍ਹਾਂ ਸਾਹ ਨਹੀਂ ਲੈ ਸਕਦਾ।
- ਤੰਬਾਕੂ ਪੀਣ ਵਾਲੇ ਨੂੰ ਦਮੇ ਦੀ ਨਾ ਹਟਣ ਵਾਲੀ ਬਿਮਾਰੀ ਲੱਗ ਜਾਂਦੀ ਹੈ।
- ਤੰਬਾਕੂ ਅੰਦਰ ਨਿਕੋਟੀਨ ਜ਼ਹਿਰ ਹੁੰਦੀ ਹੈ ਜਿਸ ਨਾਲ ਫੇਫੜੇ ਗਲ ਜਾਂਦੇ ਹਨ ਤੇ ਹਰ ਸਮੇਂ ਟੀ. ਬੀ. (ਤਪਦਿਕ) ਦੀ ਭਿਆਨਕ ਬਿਮਾਰੀ ਹੋਣ ਦਾ ਖ਼ਤਰਾ ਰਹਿੰਦਾ ਹੈ।
- ਤੰਬਾਕੂ ਪੀਣ ਵਾਲਿਆਂ ਨੂੰ ਕੈਂਸਰ ਰੋਗ ਵੀ ਲੱਗ ਜਾਂਦਾ ਹੈ, ਜਿਸ ਨਾਲ ਕਈਆਂ ਦੀ ਮੌਤ ਹੋ ਜਾਂਦੀ ਹੈ।
- ਤੰਬਾਕੂ ਵਰਤਣ ਵਾਲੇ ਦੀਆਂ ਉਂਗਲਾਂ ਤੇ ਹੋਂਠ ਖ਼ਰਾਬ ਹੋ ਜਾਂਦੇ ਹਨ। ਦੰਦ ਗਲ ਜਾਂਦੇ ਹਨ। ਮਸੂੜੇ ਕਮਜ਼ੋਰ ਹੋ ਜਾਂਦੇ ਹਨ।
- ਤੰਬਾਕੂ ਬੜਾ ਜ਼ਹਿਰੀਲਾ ਹੁੰਦਾ ਹੈ। ਜੇਕਰ ਖ਼ਾਲਸ ਤੰਬਾਕੂ ਦਾ ਇਕ ਕਿਣਕਾ ਕੁਕੜੀ ਨੂੰ ਦੇ ਦਿੱਤਾ ਜਾਵੇ ਤਾਂ ਉਹ ਉਸੇ ਸਮੇਂ ਹੀ ਮਰ ਜਾਂਦੀ ਹੈ।
- ਸਿਗਰਟ ਬੀੜੀ ਪੀਣ ਵਾਲਿਆਂ ਦੀ ਅਣਗਹਿਲੀ ਕਰਕੇ ਕਈ ਵਾਰੀ ਅੱਗ ਵੀ ਲੱਗ ਜਾਂਦੀ ਹੈ ਜੋ ਭਿਆਨਕ ਬਰਬਾਦੀ ਦਾ ਕਾਰਨ ਬਣਦੀ ਹੈ।

ਚੰਗੇ ਹਿੰਦੂ ਵੀ ਤੰਬਾਕੂ ਤੋਂ ਘਿਰਣਾ ਕਰਦੇ ਹਨ ਤੇ ਲੋਕ ਤੰਬਾਕੂ ਪੀਣ ਵਾਲੇ ਕੋਲ ਬੈਠਣਾ ਪਸੰਦ ਨਹੀਂ ਕਰਦੇ।

ਸਾਨੂੰ ਸਿਗਰਟ ਬੀੜੀ ਪੀਂਦੇ ਲੋਕਾਂ ਨਾਲ ਨਹੀਂ ਬੈਠਣਾ ਚਾਹੀਦਾ। ਸਿਗਰਟ ਬੀੜੀ ਪੀਂਦੇ ਹੱਥੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ ਚਾਹੀਦੀ। ਸਿਗਰਟ, ਬੀੜੀ ਦਾ

ਧੂੰਆਂ ਵੀ ਆਪਣੇ ਉਪਰ ਨਹੀਂ ਪੈਣ ਦੇਣਾ ਚਾਹੀਦਾ। ਜੇ ਕੋਈ ਸਾਡੇ ਕੋਲ ਬੈਠ ਕੇ ਸਿਗਰਟ ਪੀਵੇ, ਉਸ ਨੂੰ ਮਨ੍ਹਾਂ ਕਰ ਦੇਣਾ ਚਾਹੀਦਾ ਹੈ।

**ਗੁਰੂ ਜੀ ਨੇ ਤੰਬਾਕੂ ਦੀ ਲਾਹਨਤ ਤੋਂ ਸਿੱਖਾਂ ਨੂੰ ਬਚਾ ਲਿਆ ਹੈ। ਤੰਬਾਕੂ ਪੀਣ ਵਾਲਾ, ਸਿੱਖ ਨਹੀਂ ਰਹਿ ਜਾਂਦਾ। ਇਸ ਲਈ ਗੁਰੂ ਦਾ ਸਿੱਖ ਕਦੇ ਵੀ ਤੰਬਾਕੂ ਜਾਂ ਸਿਗਰਟ ਨੂੰ ਹੱਥ ਨਹੀਂ ਲਾਉਂਦਾ।**

## 20. ਪਾਨ

- ਪਾਨ ਬੜੀ ਗੰਦੀ ਚੀਜ਼ ਹੈ।
- ਪਾਨ ਖਾਣ ਨਾਲ ਦੰਦ ਖ਼ਰਾਬ ਹੋ ਜਾਂਦੇ ਹਨ।
- ਪਾਨ ਖਾਣ ਨਾਲ ਪਾਚਣ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ।
- ਪਾਨ ਅੱਖਾਂ ਨੂੰ ਕਮਜ਼ੋਰ ਕਰ ਦੇਂਦਾ ਹੈ।
- ਪਾਨ ਖਾਣ ਵਾਲਾ ਚੰਗੇ-ਲੋਕਾਂ ਦੀ ਸੰਗਤ 'ਚ ਨਹੀਂ ਬੈਠ ਸਕਦਾ।
- ਪਾਨ ਖਾਣ ਵਾਲੇ ਦੇ ਮੂੰਹ ਵਿਚੋਂ ਥੁੱਕਾਂ ਡਿਗਦੀਆਂ ਰਹਿੰਦੀਆਂ ਹਨ।
- ਪਾਨ ਖਾਣਾ ਬੜੀ ਭੈੜੀ ਆਦਤ ਹੈ।
- ਚੰਗੇ ਲੋਕ ਇਸ ਦਾ ਇਸਤੇਮਾਲ ਨਹੀਂ ਕਰਦੇ।
- ਪਾਨ ਖਾਣ ਨਾਲ ਮਸੂੜਿਆਂ ਵਿਚ ਪਾਕ ਪੈ ਜਾਂਦੀ ਹੈ ਤੇ ਕੈਂਸਰ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।
- ਪਾਨ ਭੁੱਲ ਕੇ ਵੀ ਨਹੀਂ ਖਾਣਾ ਚਾਹੀਦਾ।

## 21. ਇਸ਼ਨਾਨ

- ਸਰੀਰ ਦੀ ਸਫ਼ਾਈ ਲਈ ਇਸ਼ਨਾਨ ਕਰਨਾ ਬੜਾ ਜ਼ਰੂਰੀ ਹੈ।
- ਹਰ ਰੋਜ਼ ਇਸ਼ਨਾਨ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ।
- ਅੰਮ੍ਰਿਤ ਵੇਲੇ ਇਸ਼ਨਾਨ ਕਰਨ ਨਾਲ ਸਾਰਾ ਦਿਨ ਸਰੀਰ ਚੁਸਤ ਰਹਿੰਦਾ ਹੈ।
- ਜਿਵੇਂ ਸਰੀਰ ਦੀ ਸਫ਼ਾਈ ਲਈ ਇਸ਼ਨਾਨ ਕਰਨਾ ਬਹੁਤ ਜ਼ਰੂਰੀ ਹੈ, ਤਿਵੇਂ ਹੀ ਮਨ ਦੀ ਸਫ਼ਾਈ ਲਈ ਵਾਹਿਗੁਰੂ ਦਾ ਸਿਮਰਨ ਕਰਨਾ ਅਤੇ ਗੁਰਬਾਣੀ ਦੀ ਵਿਚਾਰ ਕਰਨੀ ਜ਼ਰੂਰੀ ਹੈ।
- ਜਿਵੇਂ ਸਰੀਰ ਦੀ ਤੰਦਰੁਸਤੀ ਲਈ ਹਰ ਰੋਜ਼ ਇਸ਼ਨਾਨ ਕਰਨਾ ਬਹੁਤ ਜ਼ਰੂਰੀ ਹੈ ਤਿਵੇਂ ਹੀ ਮਨ ਦੀ ਪਵਿੱਤਰਤਾ ਲਈ ਹਰ ਰੋਜ਼ ਬਾਣੀ ਪੜ੍ਹਨੀ ਅਤੇ ਸਮਝਣੀ ਬਹੁਤ ਜ਼ਰੂਰੀ ਹੈ।

**ਸਰੀਰ ਦੀ ਮੈਲ ਪਾਣੀ ਨਾਲ ਉਤਰਦੀ ਹੈ ਅਤੇ ਮਨ ਦੀ ਮੈਲ ਗੁਰਬਾਣੀ ਨਾਲ ਉਤਰਦੀ ਹੈ।**

# 22. ਸਿੱਖ ਤਿਉਹਾਰ

ਹਰ ਕੌਮ ਦੇ ਆਪੋ ਆਪਣੇ ਤਿਉਹਾਰ ਹੁੰਦੇ ਹਨ। ਜਿਵੇਂ ਰੱਖੜੀ, ਲੋਹੜੀ, ਟਿੱਕਾ, ਕਰਵਾ ਚੌਥ, ਲੱਛਮੀ ਪੂਜਾ, ਦੁਸਹਿਰਾ, ਜਨਮ-ਅਸ਼ਟਮੀ, ਰਾਮਨਉਮੀ ਆਦਿ ਹਿੰਦੂਆਂ ਦੇ ਤਿਉਹਾਰ ਹਨ; ਈਦ, ਬਕਰਹ-ਈਦ ਆਦਿ ਮੁਸਲਮਾਨਾਂ ਦੇ ਤਿਉਹਾਰ ਹਨ; ਕ੍ਰਿਸਮਿਸ, ਗੁੱਡ ਫਰਾਈਡੇ ਆਦਿ ਈਸਾਈਆਂ ਦੇ ਤਿਉਹਾਰ ਹਨ। ਇਸੇ ਤਰ੍ਹਾਂ ਸਿੱਖ ਕੌਮ ਦੇ ਵੀ ਹੇਠ ਲਿਖੇ ਤਿਉਹਾਰ ਹਨ:

**(ੳ) ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵ**

**(ਅ) ਗੁਰੂ ਸਾਹਿਬਾਨ ਦੇ ਗੁਰਗੱਦੀ ਦਿਵਸ**

**(ੲ) ਗੁਰੂ ਸਾਹਿਬਾਨ ਦੇ ਜੋਤੀ-ਜੋਤਿ ਸਮਾਉਣ ਤੇ ਸ਼ਹੀਦੀ ਦਿਵਸ**

**(ਸ) ਖ਼ਾਲਸੇ ਦਾ ਸਾਜਨਾ ਦਿਵਸ 'ਵਿਸਾਖੀ'**

**(ਹ) ਪੁਰਾਤਨ ਅਤੇ ਵਰਤਮਾਨ ਗੁਰਸਿੱਖਾਂ ਦੇ ਇਤਿਹਾਸਕ ਦਿਹਾੜੇ**

**(ਕ) ਸਿੱਖ ਸ਼ਹੀਦਾਂ ਦੇ ਸ਼ਹੀਦੀ ਦਿਵਸ**

ਜਿਵੇਂ ਹੋਰ ਕੌਮਾਂ ਆਪੋ ਆਪਣੇ ਤਿਉਹਾਰ ਮਨਾਉਂਦੀਆਂ ਹਨ, ਇਸੇ ਤਰ੍ਹਾਂ ਸਿੱਖਾਂ ਨੂੰ ਵੀ ਆਪਣੇ ਤਿਉਹਾਰਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ ਸਮੇਂ ਉਚੇਚੇ ਦੀਵਾਨ ਸਜਾਏ ਜਾਂਦੇ ਹਨ। ਰਾਗੀ ਅਤੇ ਕੀਰਤਨ ਕਰਨ ਵਾਲੇ ਪ੍ਰੇਮੀ ਗੁਰਸਿੱਖ ਗੁਰਬਾਣੀ ਦਾ ਕੀਰਤਨ ਕਰਦੇ ਹਨ। ਗੁਰਬਾਣੀ ਦੀ ਵਿਚਾਰ ਅਤੇ ਕਥਾ ਹੁੰਦੀ ਹੈ। ਸਿੱਖ ਇਤਿਹਾਸ 'ਤੇ ਲੈਕਚਰ ਹੁੰਦੇ ਹਨ। ਢਾਡੀ ਸਿੰਘ ਸਿੱਖ ਇਤਿਹਾਸ ਦੀਆਂ ਬੀਰ ਰਸੀ ਵਾਰਾਂ ਗਾਉਂਦੇ ਹਨ। ਇਸ ਤੋਂ ਬਿਨਾਂ ਗੁਰੂ ਕਾ ਲੰਗਰ ਤਿਆਰ ਕੀਤਾ ਜਾਂਦਾ ਹੈ ਜੋ ਸਭ ਮਨੁੱਖ ਮਾਤਰ ਬਿਨਾਂ ਕਿਸੇ ਵਿਤਕਰੇ ਦੇ ਛਕਦੇ ਹਨ।

ਇਹਨਾਂ ਦਿਹਾੜਿਆਂ 'ਤੇ ਉਚੇਚੇ 'ਅੰਮ੍ਰਿਤ ਸੰਚਾਰ' ਪ੍ਰੋਗਰਾਮ ਕੀਤੇ ਜਾਂਦੇ ਹਨ ਤਾਂ ਕਿ ਜਿਨ੍ਹਾਂ ਨੇ ਅੰਮ੍ਰਿਤ ਪਾਨ ਨਹੀਂ ਕੀਤਾ ਹੁੰਦਾ ਉਹ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਜਾਣ। ਜਿਹੜੇ ਪ੍ਰਬੰਧਕ ਗੁਰਦੁਆਰਿਆਂ ਵਿਚ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਨਹੀਂ ਰੱਖਦੇ, ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਨੂੰ ਸਿੱਖ ਤਿਉਹਾਰ ਮਨਾਉਣ ਦੀ ਜਾਚ ਨਹੀਂ ਆਈ। 'ਅੰਮ੍ਰਿਤ ਸੰਚਾਰ' ਹਰ ਸਿੱਖ ਤਿਉਹਾਰ ਦਾ ਇਕ ਜ਼ਰੂਰੀ ਅੰਗ ਹੈ।

ਕਈ ਸਿੱਖ ਸੰਗਤਾਂ ਗੁਰਬਾਣੀ ਦੇ ਕੀਰਤਨ, ਕਥਾ, ਲੈਕਚਰ ਦੇ ਪ੍ਰੋਗਰਾਮ ਆਦਿ ਵਿਚ ਤਾਂ ਸ਼ਾਮਲ ਨਹੀਂ ਹੁੰਦੀਆਂ ਪਰ ਜਦੋਂ ਗੁਰੂ ਕਾ ਲੰਗਰ ਵਰਤਾਇਆ ਜਾਂਦਾ ਹੈ ਤਾਂ ਲੰਗਰ ਛਕਣ ਲਈ ਪੁੱਜ ਜਾਂਦੀਆਂ ਹਨ। ਇਸ ਤਰ੍ਹਾਂ ਉਹਨਾਂ ਨੂੰ ਗੁਰੂ ਹੁਕਮਾਂ

ਦੀ ਸੋਝੀ ਨਹੀਂ ਹੁੰਦੀ। ਸੋ, ਜਿੱਥੇ ਅਸੀਂ ਗੁਰੂ ਕਾ ਲੰਗਰ ਛਕ ਕੇ ਸਰੀਰਕ ਤ੍ਰਿਪਤੀ ਕਰਨੀ ਹੈ, ਉੱਥੇ ਗੁਰੂ ਦਾ ਸ਼ਬਦ ਸੁਣ ਕੇ ਆਤਮਿਕ ਤ੍ਰਿਪਤੀ ਵੀ ਕਰਨੀ ਹੈ।

ਕਈ ਸਿੱਖ ਗੁਰਪੁਰਬਾਂ ਤੇ ਇਤਿਹਾਸਕ ਦਿਹਾੜਿਆਂ ਸਮੇਂ ਘਰ ਵਿਚ ਹੀ ਬੈਠੇ ਰਹਿੰਦੇ ਹਨ ਜਾਂ ਆਪੋ ਆਪਣੇ ਕੰਮਾਂ-ਕਾਜਾਂ ਵਿਚ ਹੀ ਮਸਤ ਰਹਿੰਦੇ ਹਨ, ਉਹਨਾਂ ਨੂੰ ਐਸਾ ਨਹੀਂ ਕਰਨਾ ਚਾਹੀਦਾ। **ਹਰ ਸਿੱਖ ਦਾ ਇਹ ਮੁੱਢਲਾ ਫ਼ਰਜ਼ ਹੈ ਕਿ ਉਹ ਸਿੱਖ ਤਿਉਹਾਰਾਂ ਵਿਚ ਵਧ ਚੜ੍ਹ ਕੇ ਹਿੱਸਾ ਲਵੇ ਤੇ ਗੁਰੂ ਦੀ ਸਿੱਖਿਆ ਸੁਣ ਕੇ, ਮੰਨ ਕੇ ਆਪਣਾ ਜੀਵਨ ਗੁਰੂ ਆਸ਼ੇ ਅਨੁਸਾਰ ਬਣਾਵੇ।**

## 23. ਜ਼ਾਤ-ਪਾਤ

ਸਾਨੂੰ ਸਭ ਨੂੰ ਇਕ ਅਕਾਲ ਪੁਰਖ ਨੇ ਹੀ ਪੈਦਾ ਕੀਤਾ ਹੈ। ਅਕਾਲ ਪੁਰਖ ਸਾਡੇ ਸਾਰਿਆਂ ਦਾ ਸਾਂਝਾ ਪਿਤਾ ਹੈ। ਜੋ ਮਨੁੱਖ ਚੰਗੇ ਕੰਮ ਕਰਦਾ ਹੈ, ਵਾਹਿਗੁਰੂ ਦਾ ਸਿਮਰਨ ਤੇ ਲੋਕਾਂ ਦੀ ਸੇਵਾ ਕਰਦਾ ਹੈ, ਲੋਕਾਂ ਵਿਚ ਉਸ ਨੂੰ ਚੰਗਾ ਮਨੁੱਖ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਵਾਹਿਗੁਰੂ ਜੀ ਐਸੇ ਮਨੁੱਖ ਤੇ ਪ੍ਰਸੰਨ ਹੁੰਦੇ ਹਨ। ਪ੍ਰੰਤੂ ਜਿਹੜਾ ਮਨੁੱਖ ਭੈੜੇ ਕੰਮ ਕਰਦਾ ਹੈ, ਦੂਸਰਿਆਂ ਨੂੰ ਤੰਗ ਕਰਦਾ ਹੈ, ਲੋਕਾਂ ਨੂੰ ਦੁੱਖ ਦਿੰਦਾ ਹੈ, ਪਰਮਾਤਮਾ ਦਾ ਸਿਮਰਨ ਨਹੀਂ ਕਰਦਾ, ਉਹ ਮਨੁੱਖ ਘਟੀਆ ਸਮਝਿਆ ਜਾਂਦਾ ਹੈ। ਵਾਹਿਗੁਰੂ ਜੀ ਐਸੇ ਮਨੁੱਖ ਤੇ ਪ੍ਰਸੰਨ ਨਹੀਂ ਹੁੰਦੇ।

ਕੁਝ ਲੋਕ ਮਨੁੱਖਾਂ ਵਿਚ ਜ਼ਾਤ-ਪਾਤ ਦੀਆਂ ਵੰਡੀਆਂ ਪਾ ਦੇਂਦੇ ਹਨ ਤੇ ਕਹਿੰਦੇ ਹਨ ਅਸੀ ਉੱਚੀ ਜਾਤੀ ਦੇ ਹਾਂ, ਅਸੀਂ ਬ੍ਰਾਹਮਣ ਹਾਂ, ਅਸੀਂ ਬੇਦੀ ਕੁਲ ਦੇ ਹਾਂ, ਅਸੀਂ ਸੋਢੀ ਕੁਲ ਦੇ ਹਾਂ। ਐਸੇ ਲੋਕ ਦੂਸਰਿਆਂ ਨੂੰ ਘਟੀਆ ਅਤੇ ਨੀਵੀਂ ਜਾਤ ਦਾ ਸਮਝਦੇ ਹਨ। ਦੂਸਰਿਆਂ ਨੂੰ ਸ਼ੂਦਰ ਅਤੇ ਮਜ਼੍ਹਬੀ ਸਮਝਦੇ ਹਨ ਤੇ ਕਹਿੰਦੇ ਹਨ ਸ਼ੂਦਰ ਨੀਵੀਂ ਜਾਤ ਵਾਲੇ ਹਨ। **ਉਹਨਾਂ ਦੇ ਹੱਥੋਂ ਕੋਈ ਚੀਜ਼ ਨਹੀਂ ਖਾਂਦੇ।** ਉਹਨਾਂ ਨੂੰ ਆਪਣੇ ਕੋਲ ਨਹੀਂ ਬੈਠਣ ਦੇਂਦੇ। ਪਰ ਅਸਲ ਵਿਚ ਇਸ ਤਰ੍ਹਾਂ ਸਮਝਣ ਵਾਲੇ ਆਪ ਘਟੀਆ ਲੋਕ ਹਨ। ਜੋ ਲੋਕਾਂ ਵਿਚ ਜ਼ਾਤ-ਪਾਤ ਦੀਆਂ ਵੰਡੀਆਂ ਪਾਉਂਦੇ ਹਨ ਐਸੇ ਲੋਕਾਂ ਤੇ ਵਾਹਿਗੁਰੂ ਜੀ ਕਦੀ ਪ੍ਰਸੰਨ ਨਹੀਂ ਹੁੰਦੇ।

ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਸਾਨੂੰ ਸਹੀ ਗਿਆਨ ਹੋ ਜਾਂਦਾ ਹੈ ਕਿ ਸਿੱਖ ਕਿਸੇ ਜ਼ਾਤ-ਪਾਤ ਨੂੰ ਨਹੀਂ ਮੰਨਦਾ। ਜਦੋਂ ਅਸੀਂ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕਦੇ ਹਾਂ ਤਾਂ ਇਕੋ ਬਾਟੇ ਵਿਚ ਸਭ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਜਦੋਂ ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਛਕਾਇਆ ਜਾਂਦਾ ਹੈ ਤਾਂ ਸਭ ਇਕੋ ਪੰਗਤ ਵਿਚ ਬੈਠ ਕੇ ਬਿਨਾਂ ਕਿਸੇ ਵਿਤਕਰੇ ਦੇ ਪ੍ਰਸ਼ਾਦਾ ਛਕਦੇ ਹਨ। ਗੁਰਦੁਆਰੇ ਸੰਗਤ ਵਿਚ ਵੀ ਬਿਨਾਂ ਕਿਸੇ ਭਿੰਨ ਭੇਦ ਦੇ ਸਾਰੇ ਇਕੱਤਰ ਹੁੰਦੇ ਹਨ। ਸਰੋਵਰਾਂ ਵਿਚ ਵੀ ਸਾਰੇ ਬਿਨਾਂ ਕਿਸੇ ਭੇਦ-ਭਾਵ ਦੇ ਇਸ਼ਨਾਨ ਕਰਦੇ ਹਨ। ਇਸ ਸਭ ਕੁਝ ਤੋਂ ਸਾਨੂੰ ਪਤਾ ਲੱਗਦਾ

ਹੈ ਕਿ ਸਿੱਖ ਧਰਮ ਵਿਚ ਜ਼ਾਤ-ਪਾਤ ਲਈ ਕੋਈ ਥਾਂ ਨਹੀਂ ਹੈ। **ਇਸ ਲਈ ਅਸੀਂ ਆਪਣੇ ਨਾਮ ਨਾਲ ਸਿੰਘ ਜਾਂ ਕੌਰ ਹੀ ਲਿਖਣਾ ਹੈ, ਹੋਰ ਕੋਈ ਜ਼ਾਤ ਗੋਤ ਆਦਿ ਨਹੀਂ ਲਿਖਣੀ।**

## 24. ਰੱਬ ਦਾ ਘਰ

ਰੱਬ ਦੇ ਅਨੇਕਾਂ ਨਾਮ ਹਨ। 'ਵਾਹਿਗੁਰੂ' ਵੀ ਰੱਬ ਦਾ ਹੀ ਇਕ ਹੋਰ ਨਾਮ ਹੈ। ਸਾਰਾ ਕੁਝ ਜੋ ਅਸੀਂ ਵੇਖਦੇ ਹਾਂ, ਵਾਹਿਗੁਰੂ ਜੀ ਦਾ ਹੀ ਬਣਾਇਆ ਹੋਇਆ ਹੈ। ਸਾਰੇ ਮਨੁੱਖ ਵਾਹਿਗੁਰੂ ਜੀ ਦੇ ਹੀ ਬਣਾਏ ਹੋਏ ਹਨ। ਸਾਰੇ ਪਸ਼ੂ, ਪੰਛੀ, ਸਾਰੀ ਬਨਸਪਤੀ, ਵਾਹਿਗੁਰੂ ਜੀ ਦੀ ਬਣਾਈ ਹੋਈ ਹੈ। ਵਾਹਿਗੁਰੂ ਜੀ ਸਾਡੇ ਅੰਦਰ ਵੱਸਦੇ ਹਨ। ਉਹ ਸਾਡੇ ਤੋਂ ਦੂਰ ਨਹੀਂ ਸਗੋਂ ਸਦਾ ਸਾਡੇ ਅੰਗ-ਸੰਗ ਹਨ।

ਧਰਤੀ, ਆਕਾਸ਼, ਅੱਗ, ਪਾਣੀ, ਹਵਾ, ਸਭ ਵਾਹਿਗੁਰੂ ਜੀ ਨੇ ਸਾਡੇ ਵਾਸਤੇ ਬਣਾਏ ਹਨ। ਸੂਰਜ ਅਤੇ ਚੰਦਰਮਾ ਵੀ ਵਾਹਿਗੁਰੂ ਜੀ ਨੇ ਸਾਡੀਆਂ ਲੋੜਾਂ ਨੂੰ ਮੁੱਖ ਰੱਖ ਕੇ ਹੀ ਬਣਾਏ ਹਨ। ਇਹ ਸਾਰੀਆਂ ਚੀਜ਼ਾਂ ਆਪ ਵਾਹਿਗੁਰੂ ਨਹੀਂ ਹੋ ਸਕਦੀਆਂ, ਇਸ ਲਈ ਇਹਨਾਂ ਦੀ ਪੂਜਾ ਕਰਨਾ ਵਿਅਰਥ ਹੈ। ਜਿਸ ਵਾਹਿਗੁਰੂ ਨੇ ਇਹਨਾਂ ਸਭ ਚੀਜ਼ਾਂ ਨੂੰ ਸਾਡੇ ਲਈ ਬਣਾਇਆ ਹੈ, ਸਾਨੂੰ ਸਦਾ ਉਸ ਨੂੰ ਯਾਦ ਕਰਨਾ ਚਾਹੀਦਾ ਹੈ। ਵਾਹਿਗੁਰੂ ਜੀ ਸਭ ਕੁਝ ਸਾਜ ਕੇ ਉਸ ਅੰਦਰ ਵੱਸ ਰਹੇ ਹਨ। ਇਸ ਲਈ ਵਾਹਿਗੁਰੂ ਜੀ ਸਾਡੇ ਤੋਂ ਦੂਰ ਨਹੀਂ ਹਨ।

ਕੁਝ ਲੋਕ ਕਿਸੇ ਖ਼ਾਸ ਅਸਥਾਨ ਜਾਂ ਕਿਸੇ ਖ਼ਾਸ ਤੀਰਥ ਨੂੰ ਹੀ ਰੱਬ ਦਾ ਘਰ ਸਮਝਦੇ ਹਨ ਪਰ ਐਸਾ ਸਮਝਣਾ ਠੀਕ ਨਹੀਂ ਹੈ। **ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਾਰਾ ਸੰਸਾਰ ਹੀ ਵਾਹਿਗੁਰੂ ਜੀ ਦਾ ਘਰ ਹੈ।**

## 25. ਗੁਰਦੁਆਰੇ ਜਾਣਾ

ਵਾਹਿਗੁਰੂ ਜੀ ਦੀ ਸਿਫ਼ਤ ਸਲਾਹ ਕਰਨ ਲਈ ਅਸੀਂ ਗੁਰਦੁਆਰੇ ਜਾਂਦੇ ਹਾਂ। ਹਰ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸਾਨੂੰ ਸਤਿਕਾਰ ਨਾਲ, ਹੱਥ ਪੈਰ, ਪਾਣੀ ਨਾਲ ਸਾਫ਼ ਕਰਕੇ ਗੁਰਦੁਆਰੇ ਅੰਦਰ ਜਾਣਾ ਚਾਹੀਦਾ ਹੈ। ਬੜੇ ਸਤਿਕਾਰ ਨਾਲ ਮੱਥਾ ਟੇਕਣਾ ਚਾਹੀਦਾ ਹੈ। ਮੱਥਾ ਟੇਕਣ ਸਮੇਂ ਜੇ ਮਾਇਆ ਅਰਪਣ ਕਰਨੀ ਹੋਵੇ ਤਾਂ ਦੂਰੋਂ ਸੁੱਟਣੀ ਨਹੀਂ ਚਾਹੀਦੀ ਸਗੋਂ ਬੜੇ ਅਦਬ ਨਾਲ ਗੋਲਕ ਵਿਚ ਪਾਉਣੀ ਚਾਹੀਦੀ ਹੈ। ਪ੍ਰੇਮ ਨਾਲ ਮੱਥਾ ਟੇਕ ਕੇ, ਸਾਧ ਸੰਗਤ ਦੇ ਦਰਸ਼ਨ ਕਰਕੇ ਮਨ ਵਿਚ ਸਹਿਜ ਨਾਲ ਫ਼ਤਹਿ ਬੁਲਾਉਣੀ ਚਾਹੀਦੀ ਹੈ ਤੇ ਫਿਰ ਸੰਗਤ ਵਿਚ ਜਿੱਥੇ ਥਾਂ ਮਿਲੇ ਅਰਾਮ ਨਾਲ ਬੈਠ ਜਾਣਾ ਚਾਹੀਦਾ ਹੈ। ਸੰਗਤ ਵਿਚ ਬੈਠ ਕੇ ਕਥਾ ਕੀਰਤਨ

ਸਰਵਣ ਕਰਨਾ ਚਾਹੀਦਾ ਹੈ। ਗੁਰਦੁਆਰੇ ਅੰਦਰ ਬੈਠ ਕੇ ਗੱਲਾਂ ਬਿਲਕੁਲ ਨਹੀਂ ਕਰਨੀਆਂ ਚਾਹੀਦੀਆਂ। ਜੇ ਕੋਈ ਗੱਲ ਕਰਨੀ ਹੋਵੇ ਤਾਂ ਸਾਨੂੰ ਬਾਹਰ ਆ ਜਾਣਾ ਚਾਹੀਦਾ ਹੈ। ਇਕ ਵਾਰੀ ਬਾਹਰ ਆ ਕੇ ਜੇ ਗੁਰਦੁਆਰੇ ਅੰਦਰ ਫਿਰ ਜਾਣਾ ਹੋਵੇ ਤਾਂ ਮੱਥਾ ਜ਼ਰੂਰ ਟੇਕਣਾ ਚਾਹੀਦਾ ਹੈ।ਅਰਦਾਸ ਵੇਲੇ ਸਾਨੂੰ ਦੋਵੇਂ ਹੱਥ ਜੋੜ ਕੇ ਅਦਬ ਨਾਲ ਖੜ੍ਹੇ ਹੋਣਾ ਚਾਹੀਦਾ ਹੈ।

ਜਦੋਂ ਦੀਵਾਨ ਦੀ ਸਮਾਪਤੀ ਹੋਵੇ ਤਾਂ ਕੜਾਹ ਪ੍ਰਸ਼ਾਦ ਦੀ ਦੇਗ ਲੈਣ ਲੱਗਿਆਂ ਕਾਹਲੀ ਨਹੀਂ ਕਰਨੀ ਚਾਹੀਦੀ।ਬੜੇ ਪਿਆਰ ਅਤੇ ਸਤਿਕਾਰ ਨਾਲ ਬੈਠ ਕੇ ਪ੍ਰਸ਼ਾਦ ਲੈਣਾ ਚਾਹੀਦਾ ਹੈ। ਕੁੱਝ ਬੱਚੇ ਗੁਰਦੁਆਰੇ ਅੰਦਰ ਰੌਲਾ ਪਾਉਂਦੇ ਹਨ ਤੇ ਖੜ੍ਹੇ ਹੋ ਕੇ ਪ੍ਰਸ਼ਾਦ ਲੈਂਦੇ ਹਨ।ਅਜਿਹੇ ਬੱਚਿਆਂ ਉਪਰ ਗੁਰੂ ਜੀ ਅਤੇ ਗੁਰੂ ਜੀ ਦੀਆਂ ਸੰਗਤਾਂ ਖੁਸ਼ ਨਹੀਂ ਹੁੰਦੀਆਂ।

ਕੁਝ ਬੱਚੇ ਨੰਗੇ ਸਿਰ ਹੀ ਗੁਰਦੁਆਰੇ ਚਲੇ ਜਾਂਦੇ ਹਨ। ਇਸ ਤਰ੍ਹਾਂ ਨੰਗੇ ਸਿਰ ਗੁਰਦੁਆਰੇ ਜਾਣਾ ਬੀਬੇ ਸਿੱਖ ਬੱਚਿਆਂ ਨੂੰ ਸ਼ੋਭਾ ਨਹੀਂ ਦਿੰਦਾ।

ਜਦੋਂ ਅਸੀਂ ਸਮਾਪਤੀ ਤੇ ਜੋੜੇ ਲੈਣੇ ਹੋਣ ਤਾਂ ਵੀ ਸਾਨੂੰ ਕਤਾਰ ਵਿਚ ਖੜੋਣਾ ਚਾਹੀਦਾ ਹੈ। ਕਾਹਲੀ ਨਹੀਂ ਕਰਨੀ ਚਾਹੀਦੀ। **ਗੁਰਦੁਆਰੇ ਦੇ ਅਨੁਸ਼ਾਸਨ ਦਾ ਪਾਬੰਦ ਰਹਿਣਾ ਹਰ ਸਿੱਖ ਲਈ ਜ਼ਰੂਰੀ ਹੈ।**

## 26. ਗੁਰਦੁਆਰੇ ਤੇ ਉਹਨਾਂ ਦਾ ਪ੍ਰਬੰਧ

ਗੁਰੂ ਨਾਨਕ ਦੇਵ ਜੀ ਆਪਣੇ ਪ੍ਰਚਾਰਕ ਦੌਰਿਆਂ ਸਮੇਂ ਜਿੱਥੇ ਵੀ ਪ੍ਰਚਾਰ ਕਰਨ ਜਾਂਦੇ, ਉਥੇ ਸਿੱਖ ਸੰਗਤਾਂ ਕਾਇਮ ਕਰ ਦਿੰਦੇ। ਸੰਗਤਾਂ ਵਿਚ ਜੁੜ ਕੇ ਕੀਰਤਨ, ਕਥਾ ਕਰਨ ਲਈ ਧਰਮਸ਼ਾਲਾ ਕਾਇਮ ਕਰਦੇ, ਜਿਹਨਾਂ ਨੂੰ ਬਾਅਦ ਵਿਚ ਗੁਰਦੁਆਰੇ ਕਿਹਾ ਜਾਣ ਲੱਗਾ।

ਹਰੇਕ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗ੍ਰੰਥੀ ਸਿੰਘ, ਸੰਗਤਾਂ ਨੂੰ ਬਾਣੀ ਪੜ੍ਹ ਕੇ ਸੁਣਾਉਂਦੇ ਤੇ ਸਮਝਾਉਂਦੇ ਹਨ। ਬਹੁਤੀ ਥਾਂਈਂ ਸਵੇਰੇ ਅਤੇ ਸ਼ਾਮੀ ਕੀਰਤਨ ਅਤੇ ਕਥਾ ਹੁੰਦੀ ਹੈ। ਹਰੇਕ ਗੁਰਦੁਆਰੇ ਨਾਲ ਗੁਰੂ ਕਾ ਲੰਗਰ ਹੁੰਦਾ ਹੈ। ਉਥੇ ਆਏ ਗਏ ਮੁਸਾਫ਼ਰ ਨੂੰ ਮੁਫ਼ਤ ਰੋਟੀ ਮਿਲਦੀ ਹੈ, ਭਾਵੇਂ ਉਹ ਕਿਸੇ ਵੀ ਧਰਮ ਜਾਂ ਕੌਮ ਜਾਂ ਬਰਾਦਰੀ ਦਾ ਹੋਵੇ। ਇਹਨਾਂ ਲੰਗਰਾਂ ਵਿਚ ਆਟਾ, ਦਾਲ, ਸਬਜ਼ੀ, ਲੂਣ, ਘਿਉ ਅਤੇ ਹੋਰ ਰਸਦ ਦੇਣ ਅਤੇ ਹੱਥੀਂ ਸੇਵਾ ਕਰਨ ਨੂੰ ਗੁਰੂ ਘਰ ਦੇ ਪ੍ਰੇਮੀ ਬਹੁਤ ਚੰਗਾ ਕੰਮ ਸਮਝਦੇ ਹਨ।

ਗੁਰਦੁਆਰਿਆਂ ਵਿਚ ਆਏ ਗਏ ਰਾਹੀਆਂ ਨੂੰ ਰਾਤ ਟਿਕਣ ਲਈ ਥਾਂ ਅਤੇ ਮੰਜਾ ਬਿਸਤਰਾ ਵੀ ਮਿਲ ਜਾਂਦਾ ਹੈ। ਇਸ ਤਰ੍ਹਾਂ ਗੁਰਦੁਆਰੇ ਸਰਾਵਾਂ ਦਾ ਕੰਮ ਵੀ ਦਿੰਦੇ ਹਨ। ਕਈ ਗੁਰਦੁਆਰਿਆਂ ਦੇ ਨਾਲ ਵੱਖਰੀਆਂ ਸਰਾਵਾਂ ਬਣੀਆਂ ਹੋਈਆਂ

ਹਨ, ਜਿਵੇਂ ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਨਿਵਾਸ, ਗੁਰੂ ਨਾਨਕ ਨਿਵਾਸ ਆਦਿ।

ਗੁਰਦੁਆਰਿਆਂ ਦੇ ਗ੍ਰੰਥੀ ਬੱਚਿਆਂ ਨੂੰ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਇਆ ਕਰਦੇ ਹਨ। ਕਈ ਗੁਰਦੁਆਰਿਆਂ ਦੇ ਨਾਲ ਵੱਖਰੇ ਦਵਾ-ਘਰ ਬਣੇ ਹੁੰਦੇ ਹਨ। ਕਈ ਗੁਰਦੁਆਰਿਆਂ ਦੇ ਨਾਲ ਵੱਖਰੇ ਸਕੂਲ ਜਾਂ ਪਾਠਸ਼ਾਲਾਂ ਬਣੀਆਂ ਹੁੰਦੀਆਂ ਹਨ। ਇਸ ਤਰ੍ਹਾਂ ਗੁਰਦੁਆਰੇ ਵਿਦਿਆਲੇ ਅਤੇ ਦਵਾ-ਘਰ ਵੀ ਹੁੰਦੇ ਹਨ। ਹਰ ਗੁਰਦੁਆਰੇ ਵਿਚ ਧਾਰਮਿਕ ਪੁਸਤਕਾਂ ਦੀ ਇਕ ਲਾਇਬ੍ਰੇਰੀ ਹੋਣੀ ਜ਼ਰੂਰੀ ਹੈ ਤਾਂ ਕਿ ਸੰਗਤਾਂ ਲਾਇਬ੍ਰੇਰੀ ਵਿਚੋਂ ਗੁਰਬਾਣੀ, ਗੁਰ ਇਤਿਹਾਸ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਪੁਸਤਕਾਂ ਪੜ੍ਹ ਕੇ ਆਪਣੇ ਸਿੱਖੀ ਵਿਰਸੇ ਤੋਂ ਜਾਣੂ ਹੋ ਸਕਣ।

ਜਿਨ੍ਹਾਂ ਬੰਦਿਆਂ ਦਾ ਘਰ ਘਾਟ ਨਹੀਂ ਹੁੰਦਾ, ਜਾਂ ਜਿਨ੍ਹਾਂ ਦੀ ਸੇਵਾ ਸੰਭਾਲ ਕਰਨ ਵਾਲਾ ਕੋਈ ਨਹੀਂ ਹੁੰਦਾ ਉਨ੍ਹਾਂ ਮੁਥਾਜਾਂ ਨੂੰ ਗੁਰਦੁਆਰਿਆਂ ਵਿਚ ਥਾਂ ਟਿਕਾਣਾ ਅਤੇ ਆਸਰਾ ਮਿਲਦਾ ਹੈ।

ਇਸ ਲਈ ਗੁਰਦੁਆਰੇ ਮੁਥਾਜਾਂ ਲਈ ਓਟ-ਘਰ ਵੀ ਹਨ।

ਉਪਰੋਕਤ ਵਿਚਾਰ ਤੋਂ ਪਤਾ ਲਗਦਾ ਹੈ ਕਿ ਸਿੱਖ ਧਰਮ ਅਤੇ ਸਿੱਖੀ ਜੀਵਨ ਵਿਚ ਗੁਰਦੁਆਰੇ ਬੜੀ ਮਹਾਨਤਾ ਰੱਖਦੇ ਹਨ। ਇਸ ਕਰਕੇ ਸਿੱਖ ਨੂੰ ਇਨ੍ਹਾਂ ਬਾਰੇ ਵਾਕਫ਼ੀ ਹੋਣੀ ਚਾਹੀਦੀ ਹੈ ਅਤੇ ਹਰੇਕ ਸਿੱਖ ਦਾ ਯਤਨ ਹੋਣਾ ਚਾਹੀਦਾ ਹੈ ਕਿ ਗੁਰਦੁਆਰੇ ਆਪਣੇ ਇਹ ਸਾਰੇ ਕੰਮ ਚੰਗੀ ਤਰ੍ਹਾਂ ਨਿਬਾਹੁਣ ਅਤੇ ਭੁਗਤਾਉਣ ਅਤੇ ਗੁਰਦੁਆਰਿਆਂ ਦੀ ਆਮਦਨ ਇਹਨਾਂ ਕੰਮਾਂ ਵਿਚ ਹੀ ਖ਼ਰਚ ਹੋਵੇ, ਐਵੇਂ ਹੋਰ ਪਾਸੇ ਨਾ ਖ਼ਰਚੀ ਜਾਵੇ। **ਸਾਡਾ ਇਹ ਫ਼ਰਜ਼ ਵੀ ਹੈ ਕਿ ਅਸੀਂ ਵੇਖੀਏ ਕਿ ਗੁਰਦੁਆਰੇ ਵਿਚ ਕੇਵਲ ਗੁਰਮਤਿ ਦਾ ਪ੍ਰਚਾਰ ਹੀ ਹੁੰਦਾ ਹੈ, ਮਨਮਤ ਦਾ ਤਾਂ ਨਹੀਂ, ਕਿਉਂਕਿ ਕੇਵਲ ਗੁਰਮਤਿ ਪ੍ਰਚਾਰ ਲਈ ਹੀ ਗੁਰਦੁਆਰੇ ਬਣਾਏ ਗਏ ਹਨ।**

**ਪ੍ਰਬੰਧ** — ਜੋ ਗੁਰਦੁਆਰੇ ਸਿੱਖ ਕੌਮ ਦੇ ਇਤਿਹਾਸ ਨਾਲ ਸੰਬੰਧ ਰੱਖਦੇ ਹਨ, ਉਨ੍ਹਾਂ ਨੂੰ ਇਤਿਹਾਸਕ ਗੁਰਦੁਆਰੇ ਆਖਦੇ ਹਨ। ਅਜਿਹੇ ਗੁਰਦੁਆਰਿਆਂ ਦੇ ਨਾਂ ਆਮ ਤੌਰ ਉਤੇ ਜ਼ਮੀਨਾਂ ਅਤੇ ਜਗੀਰਾਂ ਲੱਗੀਆਂ ਹੁੰਦੀਆਂ ਹਨ। ਇਹ ਇਸ ਲਈ ਹਨ ਕਿ ਇਨ੍ਹਾਂ ਦੀ ਆਮਦਨ ਤੋਂ ਗੁਰਦੁਆਰਿਆਂ ਦੇ ਖ਼ਰਚ ਤੁਰਦੇ ਰਹਿਣ। ਇਹਨਾਂ ਦੇ ਪ੍ਰਬੰਧ ਲਈ ਕਾਨੂੰਨ ਬਣਿਆ ਹੋਇਆ ਹੈ। ਇਸ ਕਾਨੂੰਨ ਦੁਆਰਾ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣੀਆਂ ਹੋਈਆਂ ਹਨ। ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਸਭ ਤੋਂ ਵੱਡੀ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਇਸ ਦਾ ਦਫ਼ਤਰ ਸ੍ਰੀ ਅੰਮ੍ਰਿਤਸਰ ਵਿਚ ਹੈ। ਸਭ ਕਮੇਟੀਆਂ (ਸ਼੍ਰੋਮਣੀ ਕਮੇਟੀ ਅਤੇ ਹੋਰ ਕਮੇਟੀਆਂ) ਚੋਣਾਂ ਰਾਹੀਂ ਬਣਦੀਆਂ ਹਨ। ਸਿੱਖ ਸੰਗਤਾਂ (ਮਰਦ ਅਤੇ ਇਸਤ੍ਰੀਆਂ) ਵੋਟਾਂ ਜਾਂ ਪਰਚੀਆਂ ਪਾ ਕੇ ਇਹਨਾਂ ਕਮੇਟੀਆਂ ਦੇ ਮੈਂਬਰ ਚੁਣਦੀਆਂ ਹਨ। ਮੈਂਬਰ ਚੁਣਨ ਦਾ ਇਹ ਤਰੀਕਾ ਬੜਾ ਘਟੀਆ ਕਿਸਮ ਦਾ ਹੈ। ਸਿੱਖ ਧਰਮ ਵਿਚ ਵੋਟਾਂ ਪਾ ਕੇ ਮੈਂਬਰ

ਚੁਣਨ ਦਾ ਕੋਈ ਨਿਯਮ ਨਹੀਂ। ਸਿੱਖ ਵਿਦਵਾਨਾਂ ਨੂੰ ਕੋਈ ਚੰਗਾ ਤਰੀਕਾ ਮੈਂਬਰ ਚੁਣਨ ਲਈ ਲੱਭਣਾ ਚਾਹੀਦਾ ਹੈ **ਕਿਉਂਕਿ ਗੁਰਦੁਆਰਿਆਂ ਦੀ ਲੱਖਾਂ ਰੁਪਈਆਂ ਦੀ ਜਾਇਦਾਦ ਇਹਨਾਂ ਮੈਂਬਰਾਂ ਦੇ ਸਪੁਰਦ ਹੁੰਦੀ ਹੈ ਤਾਂ ਤੇ ਇਹਨਾਂ ਦੀ ਚੋਣ ਕਿਸੇ ਸੁਚੱਜੇ ਢੰਗ ਰਾਹੀਂ, ਧਿਆਨ ਨਾਲ ਕਰਨੀ ਚਾਹੀਦੀ ਹੈ।**

## 27. ਕੁਝ ਪ੍ਰਸਿੱਧ ਗੁਰਦੁਆਰੇ

**1. ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ** — ਇਥੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ (ਜਨਮ) ਹੋਇਆ ਸੀ। ਇਹ ਗੁਰਦੁਆਰਾ ਪਾਕਿਸਤਾਨ ਵਿਚ ਹੈ। ਸ੍ਰੀ ਨਨਕਾਣਾ ਸਾਹਿਬ ਵਿਚ ਹੋਰ ਵੀ ਕਈ ਗੁਰਦੁਆਰੇ ਹਨ੍।

**2. ਸ੍ਰੀ ਪੰਜਾ ਸਾਹਿਬ** — ਇਥੇ ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ ਸੀ। ਇਹ ਸੁੰਦਰ ਗੁਰਦੁਆਰਾ ਹਸਨ ਅਬਦਾਲ, ਪਾਕਿਸਤਾਨ ਵਿਚ ਹੈ।

**3. ਸ੍ਰੀ ਬੇਰ ਸਾਹਿਬ, (ਸੁਲਤਾਨਪੁਰ)** — ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਭੈਣ ਬੇਬੇ ਨਾਨਕੀ ਜੀ ਪਾਸ ਤਿੰਨ ਸਾਲ ਰਹੇ। ਇਹ ਉਹ ਅਸਥਾਨ ਹੈ ਜਿੱਥੇ ਵੇਈਂ ਨਦੀ ਵਿਚ ਇਸ਼ਨਾਨ ਕਰਨ ਲਈ ਗੁਰੂ ਜੀ ਨਿੱਤ ਜਾਇਆ ਕਰਦੇ ਸਨ। ਇਸ ਦੇ ਆਸ ਪਾਸ ਹੋਰ ਕਈ ਗੁਰਦੁਆਰੇ ਹਨ।

**4. ਗੁਰਦੁਆਰਾ ਨਾਨਕ ਮਤਾ (ਪੀਲੀਭੀਤ)** — ਯੂ. ਪੀ. ਦੇ ਪੀਲੀਭੀਤ ਇਲਾਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਇਹ ਗੁਰਦੁਆਰਾ ਹੈ। ਇਥੇ ਗੁਰੂ ਜੀ ਨੇ ਯੋਗੀਆਂ ਨਾਲ ਚਰਚਾ ਕਰ ਕੇ ਉਹਨਾਂ ਨੂੰ ਪ੍ਰਭੂ ਦਾ ਸੱਚਾ ਮਾਰਗ ਦੱਸਿਆ ਸੀ। ਪਹਿਲਾਂ ਇਸ ਸਥਾਨ ਦਾ ਨਾਂ ਗੋਰਖ ਮਤਾ ਸੀ ਜੋ ਬਾਅਦ ਵਿਚ ਗੁਰੂ ਜੀ ਦੇ ਨਾਮ ਤੇ 'ਨਾਨਕ ਮਤਾ' ਕਰਕੇ ਪ੍ਰਸਿੱਧ ਹੋਇਆ।

ਇਸੇ ਅਸਥਾਨ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਚਾਰ-ਫੇਰੀ ਸਮੇਂ ਆਪਣੇ ਚਰਨ ਪਾਏ ਸਨ।

**5. ਸ੍ਰੀ ਦਰਬਾਰ ਸਾਹਿਬ (ਖਡੂਰ ਸਾਹਿਬ)** — ਇਥੇ ਗੁਰੂ ਅੰਗਦ ਦੇਵ ਜੀ ਰਿਹਾ ਕਰਦੇ ਸਨ। ਇਸ ਦੇ ਨਾਲ ਹੀ ਗੁਰਦੁਆਰਾ 'ਮੱਲ ਅਖਾੜਾ' ਹੈ ਜਿਥੇ ਗੁਰੂ ਅੰਗਦ ਦੇਵ ਜੀ ਗਭਰੂਆਂ ਨੂੰ ਸਰੀਰਕ ਕਸਰਤ ਤੇ ਕੁਸ਼ਤੀਆਂ ਆਦਿ ਦੀ ਸਿਖਲਾਈ ਕਰਾਉਂਦੇ ਸਨ।

**6. ਬਾਉਲੀ ਸਾਹਿਬ (ਸ੍ਰੀ ਗੋਇੰਦਵਾਲ ਸਾਹਿਬ)** — ਇਹ ਗੁਰਦੁਆਰਾ ਗੋਇੰਦਵਾਲ ਵਿਖੇ ਬਿਆਸ ਦਰਿਆ ਦੇ ਕੰਢੇ ਤੇ ਹੈ। ਇਥੇ ਗੁਰੂ ਅਮਰਦਾਸ ਜੀ ਨੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਇਕ ਬਾਉਲੀ ਬਣਵਾਈ ਤਾਂ ਕਿ ਸਭ ਨੂੰ ਸਾਫ਼ ਪਾਣੀ ਮਿਲ ਸਕੇ।

**7. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਹਰਿਮੰਦਰ ਸਾਹਿਬ)** — ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਅੰਮ੍ਰਿਤ ਸਰੋਵਰ ਦੀ ਤਿਆਰੀ ਸ੍ਰੀ ਗੁਰੂ ਰਾਮਦਾਸ ਜੀ ਨੇ ਆਰੰਭੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤੀ। ਇਸ ਸਰੋਵਰ ਦੇ ਵਿਚਕਾਰ ਗੁਰੂ ਅਰਜਨ ਦੇਵ ਜੀ ਦਾ ਰਚਿਆ ਹੋਇਆ ਸ੍ਰੀ ਦਰਬਾਰ ਸਾਹਿਬ ਹੈ, ਜਿਸ ਨੂੰ ਹਰਿਮੰਦਰ ਸਾਹਿਬ ਜਾਂ ਗੋਲਡਨ ਟੈਂਪਲ ਵੀ ਆਖਦੇ ਹਨ। ਇਸ ਦੀ ਨੀਂਹ ਗੁਰੂ ਜੀ ਨੇ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। ਸੋਨੇ ਅਤੇ ਸੰਗਮਰਮਰ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਕਰਵਾਈ। ਇਹ ਗੁਰਦੁਆਰਾ ਸਿੱਖ ਪੰਥ ਦਾ ਕੇਂਦਰੀ ਅਸਥਾਨ ਹੈ। ਇਸ ਤੋਂ ਬਿਨਾਂ ਅੰਮ੍ਰਿਤਸਰ ਵਿਚ ਹੋਰ ਵੀ ਕਈ ਗੁਰਦੁਆਰੇ ਹਨ।

**8. ਸ੍ਰੀ ਦਰਬਾਰ ਸਾਹਿਬ (ਤਰਨਤਾਰਨ)** — ਸ੍ਰੀ ਅੰਮ੍ਰਿਤਸਰ ਤੋਂ 13 ਮੀਲ ਦੱਖਣ ਵੱਲ ਗੁਰੂ ਅਰਜਨ ਦੇਵ ਜੀ ਦਾ ਤਿਆਰ ਕਰਵਾਇਆ ਇਹ ਗੁਰਦੁਆਰਾ ਹੈ। ਇਸ ਨਾਲ ਬਹੁਤ ਵੱਡਾ ਸਰੋਵਰ ਹੈ। ਇਥੇ ਹੀ ਗੁਰੂ ਜੀ ਨੇ ਰੋਗੀਆਂ ਲਈ ਇਕ ਬਹੁਤ ਵੱਡਾ ਸ਼ਫ਼ਾਖ਼ਾਨਾ (ਹਸਪਤਾਲ) ਖੋਲ੍ਹਿਆ ਸੀ।

**9. ਗੁਰਦੁਆਰਾ ਡੇਰਾ ਸਾਹਿਬ (ਲਾਹੌਰ)** — ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਖੇ ਦਰਿਆ ਰਾਵੀ ਦੇ ਕੰਢੇ ਸਥਿਤ ਇਹ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਹੈ। ਇਥੇ ਗੁਰੂ ਅਰਜਨ ਦੇਵ ਜੀ ਨੂੰ ਭਾਰੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

**10. ਸ੍ਰੀ ਅਕਾਲ ਤਖ਼ਤ ਸਾਹਿਬ** — ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਦਰਸ਼ਨੀ ਡਿਉੜ੍ਹੀ ਦੇ ਸਾਹਮਣੇ ਸਿੱਖ ਕੌਮ ਦਾ ਪ੍ਰਸਿੱਧ ਗੁਰਦੁਆਰਾ ਅਤੇ ਸ਼੍ਰੋਮਣੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਿਆਰ ਕਰਵਾਇਆ ਸੀ। ਇਥੇ ਆਪ ਦੁਪਹਿਰ ਮਗਰੋਂ ਇਕੱਠ ਕੀਤਾ ਕਰਦੇ ਸਨ, ਜਿਸ ਵਿਚ ਕਸਰਤਾਂ ਹੁੰਦੀਆਂ, ਵਾਰਾਂ ਗਾਈਆਂ ਜਾਂਦੀਆਂ, ਪੰਥਕ ਮਾਮਲੇ ਵਿਚਾਰੇ ਅਤੇ ਨਿਬੇੜੇ ਜਾਂਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਸ ਬੀੜ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿਚ ਕੀਤਾ ਜਾਂਦਾ ਹੈ, ਉਹ ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲਿਆਈ ਜਾਂਦੀ ਹੈ।

**11. ਗੁਰਦੁਆਰਾ ਗੁਰੂ ਕੀ ਵਡਾਲੀ (ਅੰਮ੍ਰਿਤਸਰ)** — ਇਸ ਅਸਥਾਨ ਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ।

ਇਹ ਗੁਰਦੁਆਰਾ ਅੰਮ੍ਰਿਤਸਰ ਤੋਂ ਛੇ ਕੁ ਮੀਲਾਂ ਦੀ ਵਿੱਥ ਤੇ ਪਿੰਡ 'ਵਡਾਲੀ' ਵਿਖੇ ਸਥਿਤ ਹੈ।

**12. ਗੁਰਦੁਆਰਾ ਮਾਤਾ ਭਾਗਭਰੀ (ਸ੍ਰੀਨਗਰ)** — ਇਹ ਗੁਰਦੁਆਰਾ

ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿਚ ਸਥਿਤ ਹੈ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਤ ਹੈ। ਇਥੇ ਗੁਰੂ ਜੀ ਪ੍ਰਚਾਰਕ ਦੌਰਿਆਂ ਸਮੇਂ ਜਾ ਕੇ ਠਹਿਰੇ ਸਨ ਅਤੇ ਮਾਤਾ ਭਾਗਭਰੀ ਵਲੋਂ ਸ਼ਰਧਾ ਤੇ ਪਿਆਰ ਨਾਲ ਉਚੇਚਾ ਤਿਆਰ ਕੀਤਾ ਕੁੜਤਾ ਜਾ ਕੇ ਪਹਿਨਿਆ ਸੀ ਅਤੇ ਮਾਤਾ ਭਾਗਭਰੀ ਨੂੰ ਨਿਹਾਲ ਕੀਤਾ ਸੀ।

13. **ਸ਼ੀਸ਼ ਮਹੱਲ ਕੀਰਤਪੁਰ ਸਾਹਿਬ** — ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਤਲੁਜ ਦਰਿਆ ਦੇ ਕੰਢੇ ਜ਼ਿਲ੍ਹਾ ਹੁਸ਼ਿਆਰਪੁਰ (ਹੁਣ ਰੋਪੜ) ਦੇ ਪਹਾੜੀ ਇਲਾਕੇ ਵਿਚ ਕੀਰਤਪੁਰ ਸ਼ਹਿਰ ਵਸਾਇਆ ਸੀ। ਇਸ ਦੇ ਵਿਚਕਾਰ ਗੁਰਦੁਆਰਾ ਸ਼ੀਸ਼ ਮਹੱਲ ਹੈ। ਇਥੇ ਗੁਰੂ ਜੀ ਰਿਹਾ ਕਰਦੇ ਸਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਇਥੇ ਹੀ ਹੋਇਆ ਸੀ।

14. **ਗੁਰਦੁਆਰਾ ਪੰਜੋਖੜਾ ਸਾਹਿਬ (ਅੰਬਾਲਾ)** — ਇਹ ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਸੰਬੰਧਤ ਹੈ। ਜਦੋਂ ਗੁਰੂ ਜੀ ਦਿੱਲੀ ਗਏ ਤਾਂ ਰਸਤੇ ਵਿਚ ਇਸ ਅਸਥਾਨ ਤੇ ਠਹਿਰੇ ਸਨ। ਇਹ ਗੁਰਦੁਆਰਾ ਅੰਬਾਲਾ-ਨਰੈਣਗੜ੍ਹ ਸੜਕ 'ਤੇ ਸਥਿਤ ਹੈ। ਇਸ ਅਸਥਾਨ ਤੇ ਹੀ ਗੁਰੂ ਜੀ ਨੇ ਅਨਪੜ੍ਹ ਛੱਜੂ ਰਾਮ ਝੀਵਰ ਕੋਲੋਂ ਗੀਤਾ ਦੇ ਅਰਥ ਕਰਵਾ ਕੇ ਲਾਲ ਚੰਦ ਪੰਡਿਤ ਦਾ ਹੰਕਾਰ ਤੋੜਿਆ ਸੀ।

15. **ਸ੍ਰੀ ਬੰਗਲਾ ਸਾਹਿਬ (ਦਿੱਲੀ)** — ਇਹ ਗੁਰਦੁਆਰਾ ਨਵੀਂ ਦਿੱਲੀ ਵਿਚ ਉਸ ਥਾਂ ਤੇ ਹੈ ਜਿੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਨਿਵਾਸ ਕੀਤਾ ਸੀ। ਇਥੇ ਆਪ ਦੇ ਸ਼ਰਧਾਲੂ ਰਾਜਾ ਮਿਰਜ਼ਾ ਜੈ ਸਿੰਘ ਨੇ ਆਪ ਜੀ ਦੇ ਰਹਿਣ ਲਈ ਬੰਗਲਾ ਬਣਵਾਇਆ ਸੀ।

16. **ਸ੍ਰੀ ਬਾਲਾ ਸਾਹਿਬ** — ਨਵੀਂ ਦਿੱਲੀ ਵਿਚ ਜੰਗਪੁਰਾ-ਭੋਗਲ ਦੇ ਨੇੜੇ, ਬਾਹਰੀ ਰਿੰਗ-ਰੋਡ ਵੱਲ ਇਹ ਉਹ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਸੀ। ਇਥੇ ਹੀ ਮਗਰੋਂ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰ ਕੌਰ ਜੀ ਦਾ ਸਸਕਾਰ ਵੀ ਹੋਇਆ ਸੀ।

17. **ਗੁਰੂ ਕੇ ਮਹਿਲ (ਅੰਮ੍ਰਿਤਸਰ)** — ਗੁਰੂ-ਬਾਜ਼ਾਰ ਅੰਮ੍ਰਿਤਸਰ ਵਿਚ ਇਹ ਉਹ ਗੁਰਦੁਆਰਾ ਹੈ ਜਿੱਥੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ।

18. **ਗੁਰਦੁਆਰਾ ਬਾਬਾ ਬਕਾਲਾ** — ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ 'ਬਾਬੇ ਬਕਾਲੇ' ਵਿਖੇ ਇਹ ਉਹ ਗੁਰਦੁਆਰਾ ਹੈ ਜਿੱਥੇ ਗੁਰੂ ਤੇਗ਼ ਬਹਾਦਰ ਜੀ ਗੁਰੂ ਬਣਨ ਤੋਂ ਪਹਿਲਾਂ ਅਡੋਲ ਰਹਿ ਕੇ ਪ੍ਰਭੂ ਸਿਮਰਨ ਵਿਚ ਜੁੜੇ ਰਹਿੰਦੇ ਸਨ। ਇਥੋਂ ਹੀ ਆਪ ਨੇ, ਇਕ ਸਿੱਖ ਦੇ ਰੂਪ ਵਿਚ, ਪੂਰਬੀ ਭਾਰਤ ਦਾ ਪ੍ਰਚਾਰ-ਦੌਰਾ ਕੀਤਾ ਸੀ।

**19. ਗੁਰਦੁਆਰਾ ਸੀਸ ਗੰਜ (ਸ੍ਰੀ ਅਨੰਦਪੁਰ ਸਾਹਿਬ)** — ਇਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸੀਸ ਦਾ, ਜੋ ਦਿੱਲੀ ਤੋਂ ਭਾਈ ਜੈਤਾ ਜੀ ਲੈ ਕੇ ਆਏ ਸਨ, ਸਸਕਾਰ ਕੀਤਾ ਗਿਆ ਸੀ।

**20. ਗੁਰਦੁਆਰਾ ਸੀਸ ਗੰਜ ਸਾਹਿਬ (ਦਿੱਲੀ)** — ਚਾਂਦਨੀ ਚੌਕ ਦਿੱਲੀ ਵਿਚ ਇਹ ਉਹ ਅਸਥਾਨ ਹੈ ਜਿਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ।

**21. ਗੁਰਦੁਆਰਾ ਸ੍ਰੀ ਰਕਾਬ ਗੰਜ (ਦਿੱਲੀ)** — ਨਵੀਂ ਦਿੱਲੀ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਤ ਉਹ ਸੁੰਦਰ ਗੁਰਦੁਆਰਾ ਹੈ ਜਿੱਥੇ ਗੁਰੂ ਕੇ ਸਿੱਖ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ ਸੀ। ਇਹ ਗੁਰਦੁਆਰਾ ਸੰਸਦ-ਭਵਨ (ਪਾਰਲੀਮੈਂਟ ਹਾਊਸ) ਦੇ ਨੇੜੇ ਸਥਿਤ ਹੈ।

**22. ਸ੍ਰੀ ਹਰਿਮੰਦਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ)** — ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਹੋਇਆ ਸੀ। ਇਹ ਸਿੱਖ ਕੌਮ ਦਾ ਦੂਸਰਾ ਤਖ਼ਤ ਹੈ। ਇਥੇ ਗੁਰੂ ਸਾਹਿਬ ਜੀ ਨਾਲ ਸੰਬੰਧਤ ਹੋਰ ਵੀ ਗੁਰਦੁਆਰੇ ਹਨ।

**23. ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ)** — ਅਨੰਦਪੁਰ ਸਾਹਿਬ ਵਿਚ ਇਹ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗੁਰਦੁਆਰਾ ਹੈ। ਇਥੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਗਈ ਸੀ ਅਤੇ ਖ਼ਾਲਸਾ ਪੰਥ ਸਾਜਿਆ ਗਿਆ ਸੀ। ਇਹ ਸਿੱਖ ਕੌਮ ਦਾ ਤੀਜਾ ਤਖ਼ਤ ਹੈ। ਇਥੇ ਹੋਲੇ-ਮਹੱਲੇ ਨੂੰ ਬਹੁਤ ਵੱਡਾ ਜੋੜ-ਮੇਲਾ ਹੁੰਦਾ ਹੈ।

**24. ਸ੍ਰੀ ਪਾਉਂਟਾ ਸਾਹਿਬ** — ਪਹਾੜੀ ਰਿਆਸਤ ਨਾਹਨ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗੁਰਦੁਆਰਾ ਹੈ। ਇਥੇ ਆਪ ਜੀ ਨੇ ਕਿਲ੍ਹਾ ਬਣਵਾਇਆ ਸੀ। ਭੰਗਾਣੀ ਦਾ ਯੁੱਧ ਵੀ ਇਸ ਦੇ ਨੇੜੇ ਹੀ ਹੋਇਆ ਸੀ। ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ ਸੀ ਤੇ ਇਥੇ ਹੀ ਜਾਪੁ ਸਾਹਿਬ, ਸਵਈਏ ਤੇ ਅਕਾਲ ਉਸਤਤਿ ਬਾਣੀ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ।

**25. ਸ੍ਰੀ ਚਮਕੌਰ ਸਾਹਿਬ** — ਇਥੇ ਗੜ੍ਹੀ ਸਾਹਿਬ ਨਾਂ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗੁਰਦੁਆਰਾ ਹੈ। ਇਸ ਗੜ੍ਹੀ ਵਿਚ 40 ਸਿੰਘਾਂ ਨੇ ਅਣਗਿਣਤ ਫ਼ੌਜ ਦਾ ਮੁਕਾਬਲਾ ਕੀਤਾ ਸੀ। ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਇਥੇ ਹੀ ਸ਼ਹੀਦ ਹੋਏ ਸਨ।

**26. ਗੁਰਦੁਆਰਾ ਫ਼ਤਹਿਗੜ੍ਹ ਸਾਹਿਬ (ਸਰਹੰਦ)** — ਇਥੇ ਗੁਰੂ ਗੋਬਿੰਦ

ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਜਿਊਂਦੇ ਹੀ ਕੰਧਾਂ ਵਿਚ ਚਿਣ ਕੇ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਵੱਲੋਂ ਸ਼ਹੀਦ ਕੀਤੇ ਗਏ ਸਨ। ਇਥੇ ਹੀ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ।

27. **ਗੁਰਦੁਆਰਾ ਜ਼ਫ਼ਰਨਾਮਾ ਸਾਹਿਬ** — ਜ਼ਿਲ੍ਹਾ ਬਠਿੰਡਾ ਵਿਚ ਇਹ ਗੁਰਦੁਆਰਾ ਉਹ ਸਥਾਨ ਹੈ ਜਿੱਥੋਂ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਾਰਸੀ ਵਿਚ 'ਜਿੱਤ ਦੀ ਚਿੱਠੀ' (ਜ਼ਫ਼ਰਨਾਮਾ) ਭਾਈ ਦਇਆ ਸਿੰਘ ਜੀ ਦੇ ਹੱਥ ਔਰੰਗਜ਼ੇਬ ਨੂੰ ਭੇਜੀ ਸੀ।

28. **ਸ੍ਰੀ ਦਰਬਾਰ ਸਾਹਿਬ (ਮੁਕਤਸਰ ਸਾਹਿਬ)** — ਇਥੇ ਮਾਈ ਭਾਗ ਕੌਰ, ਭਾਈ ਮਹਾਂ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਮੁਗ਼ਲ ਫ਼ੌਜ ਵਿਰੁੱਧ ਘਮਸਾਨ ਦਾ ਯੁੱਧ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹੀਦ ਸੂਰਬੀਰਾਂ ਨੂੰ ਸਨਮਾਨਿਆ ਤੇ ਸਤਿਕਾਰਿਆ ਸੀ। ਇਥੇ ਬਹੁਤ ਵੱਡਾ ਸਰੋਵਰ ਵੀ ਹੈ। ਨਾਲ ਗੁਰਦੁਆਰਾ ਸ਼ਹੀਦ ਗੰਜ ਹੈ, ਜਿੱਥੇ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਏ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਸੀ।

29. **ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ)** — ਜ਼ਿਲ੍ਹਾ ਬਠਿੰਡਾ ਦੇ ਨਗਰ ਸਾਬੋ ਕੀ ਤਲਵੰਡੀ ਵਿਚ ਸ੍ਰੀ ਦਸ਼ਮੇਸ਼ ਜੀ ਨਾਲ ਸੰਬੰਧਤ ਗੁਰਦੁਆਰਾ ਹੈ। ਇਸ ਨੂੰ ਸਿੱਖਾਂ ਦੀ ਕਾਂਸ਼ੀ ਵੀ ਕਹਿੰਦੇ ਹਨ। ਇਥੇ ਗੁਰੂ ਜੀ ਨੌਂ ਮਹੀਨੇ ਤੋਂ ਵੱਧ ਠਹਿਰੇ ਸਨ। ਇਥੇ ਹੀ ਭਾਈ ਡੱਲੇ ਦੀ ਪਰਖ ਕੀਤੀ ਤੇ ਉਸ ਨੂੰ ਅੰਮ੍ਰਿਤ ਛਕਾ ਕੇ ਭਾਈ ਡੱਲਾ ਸਿੰਘ ਬਣਾਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਾ ਬੀੜ ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈ ਸੀ। ਇਹ ਗੁਰਦੁਆਰਾ ਸਿੱਖ ਕੌਮ ਦਾ ਪੰਜਵਾਂ ਤਖ਼ਤ ਹੈ।

30. **ਸ੍ਰੀ ਹਜ਼ੂਰ ਸਾਹਿਬ, ਸ੍ਰੀ ਅਬਚਲ ਨਗਰ (ਨਾਂਦੇੜ)** — ਦੱਖਣ ਵਿਚ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਸ਼ਹਿਰ ਦੇ ਪਾਸ ਸ੍ਰੀ ਦਸ਼ਮੇਸ਼ ਜੀ ਦਾ ਪਵਿੱਤਰ ਅਸਥਾਨ ਹੈ, ਜਿਥੇ ਆਪ ਜੀ ਜੋਤੀ-ਜੋਤਿ ਸਮਾਏ ਸਨ। ਇਹ ਖ਼ਾਲਸਾ ਪੰਥ ਦਾ ਚੌਥਾ ਤਖ਼ਤ ਹੈ। ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਨੂੰ ਗੁਰਿਆਈ ਦਿੱਤੀ ਅਤੇ ਕਿਹਾ ਕਿ ਹੁਣ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ। ਗੁਰੂ ਪੰਥ ਦੇ ਪ੍ਰਤੀਨਿਧ 'ਪੰਜ ਪਿਆਰੇ' ਗੁਰੂ ਦਾ ਸਰੀਰ ਹੋਣਗੇ ਤੇ ਗੁਰੂ ਗ੍ਰੰਥ ਸਾਹਿਬ ਜੀ ਜੋਤਿ-ਗੁਰੂ ਹੋਣਗੇ।

## 28. ਸਦਾ ਯਾਦ ਰੱਖੋ

1. ਸਿੱਖ ਨੇ ਕੇਵਲ ਇਕ ਅਕਾਲਪੁਰਖ ਦਾ ਨਾਮ ਹੀ ਸਿਮਰਨਾ ਹੈ ਜੋ ਸਭ ਨੂੰ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਮਾਰ ਸਕਣ ਦੇ ਸਮਰੱਥ ਹੈ।

2. ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ ਤੇ ਨਾ ਹੀ ਕਿਸੇ ਅੱਗੇ ਮੱਥਾ ਟੇਕਣਾ ਹੈ।
3. ਸਿੱਖ ਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ, ਵਾਹਿਗੁਰੂ ਦਾ ਸਿਮਰਨ ਕਰਨਾ ਹੈ ਤੇ ਫਿਰ ਗੁਰਬਾਣੀ ਦਾ ਪਾਠ (ਨਿਤਨੇਮ) ਕਰਨਾ ਹੈ।
4. ਗੁਰਬਾਣੀ ਦਾ ਪਾਠ ਕਰਨ ਸਮੇਂ ਕਾਹਲੀ ਨਹੀਂ ਕਰਨੀ। ਪਿਆਰ, ਸਤਿਕਾਰ ਨਾਲ ਮਨ ਜੋੜ ਕੇ, ਸਮਝ ਵਿਚਾਰ ਕੇ, ਸ਼ੁੱਧ ਪਾਠ ਕਰਨਾ ਚਾਹੀਦਾ ਹੈ।
5. ਗੁਰਸਿੱਖ ਨੇ ਹਰ ਰੋਜ਼ ਗੁਰਦੁਆਰੇ ਜਾ ਕੇ ਕੀਰਤਨ, ਕਥਾ ਸਰਵਣ ਕਰਕੇ ਲਾਹਾ ਲੈਣਾ ਹੈ। ਸਿੱਖ ਲਈ ਧਾਰਮਿਕ ਅਸਥਾਨ ਕੇਵਲ ਗੁਰਦੁਆਰਾ ਹੀ ਹੈ, ਹੋਰ ਕੋਈ ਨਹੀਂ।
6. ਸਿੱਖ ਨੇ ਆਪੋ ਵਿਚ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਹੀ ਬੁਲਾਉਣੀ ਹੈ।
7. ਗੁਰਬਾਣੀ ਦੀਆਂ ਪੋਥੀਆਂ, ਗੁਟਕਿਆਂ ਆਦਿ ਨੂੰ ਰੁਮਾਲ ਵਿਚ ਲਪੇਟ ਕੇ ਸਤਿਕਾਰ ਨਾਲ ਰੱਖਣਾ ਹੈ ਤੇ ਜੂਠੇ ਹੱਥ ਨਹੀਂ ਲਾਉਣੇ।
8. ਸਿੱਖ ਨੇ ਸਦਾ ਆਪਣਾ ਨਾਮ 'ਸਿੰਘ' ਜਾਂ 'ਕੌਰ' ਸ਼ਬਦ ਸਮੇਤ ਪੂਰਾ ਲਿਖਣਾ ਹੈ। ਨਾਮ ਨਾਲ ਜ਼ਾਤ ਨਹੀਂ ਲਿਖਣੀ।
9. ਸਿੱਖ ਧਰਮ ਵਿਚ ਪ੍ਰਭੂ ਦੇ ਨਾਮ ਸਿਮਰਨ ਨੂੰ ਹੀ 'ਸੱਚਾ ਤੀਰਥ' ਮੰਨਿਆ ਗਿਆ ਹੈ। ਹੋਰ ਤੀਰਥ ਯਾਤਰਾ ਤੇ ਤੀਰਥ ਇਸ਼ਨਾਨਾਂ ਦੀ ਸਿੱਖ ਧਰਮ ਵਿਚ ਕੋਈ ਮਹੱਤਤਾ ਨਹੀਂ।
10. ਸਿੱਖ ਨੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣਾ ਹੈ ਤਾਂ ਕਿ ਸਿੱਖ ਇਤਿਹਾਸ ਦੀ ਜਾਣਕਾਰੀ ਹੋ ਸਕੇ ਤੇ ਸਿੱਖ ਆਪਣੇ ਬਹੁਮੁੱਲੇ ਵਿਰਸੇ ਤੋਂ ਜਾਣੂ ਹੋ ਸਕੇ।
11. ਸਿੱਖ ਨੇ ਕੁਸ਼ਤੀਆਂ ਤੇ ਹੋਰ ਖੇਡਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਹੈ ਪਰ ਗੰਦੀਆਂ ਫ਼ਿਲਮਾਂ ਅਤੇ ਗੰਦੇ ਨਾਟਕਾਂ ਜਿਨ੍ਹਾਂ ਵਿਚ ਗੰਦੇ ਦ੍ਰਿਸ਼ ਵਿਖਾਏ ਜਾਂਦੇ ਹਨ, ਤੋਂ ਪ੍ਰਹੇਜ਼ ਕਰਨਾ ਹੈ।
12. ਸਿੱਖ ਨੇ ਕਦੀ ਵੀ, ਕਿਸੇ ਕਿਸਮ ਦਾ, ਨਸ਼ਾ (ਸ਼ਰਾਬ, ਭੰਗ, ਅਫ਼ੀਮ, ਚਰਸ, ਤੰਬਾਕੂ, ਸਿਗਰਟ, ਸਮੈਕ) ਆਦਿ ਨਹੀਂ ਵਰਤਣਾ।
13. ਸਿੱਖ ਲੜਕੀਆਂ ਲਈ ਨੱਕ, ਕੰਨ ਛੇਦਣਾ ਤੇ ਨੱਕ ਕੰਨ ਵਿਚ ਗਹਿਣੇ ਪਾਉਣੇ ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾਂ ਹੈ।
14. ਸਿੱਖ ਇਸਤਰੀਆਂ ਲਈ ਘੁੰਡ ਕੱਢਣਾ ਮਨ੍ਹਾਂ ਹੈ।

15. ਸਿੱਖ ਮਰਦ ਜਾਂ ਇਸਤਰੀ ਲਈ ਨੰਗੇ ਸਿਰ ਬਜ਼ਾਰਾਂ ਵਿਚ ਘੁੰਮਣਾ ਅਤੇ ਨੰਗੇ ਸਿਰ ਰਹਿਣਾ ਮਨ੍ਹਾਂ ਹੈ। ਕੇਸਾਂ ਦੇ ਸਤਿਕਾਰ ਲਈ ਹਰ ਸਮੇਂ ਦਸਤਾਰ ਜਾਂ ਚੁੰਨੀ ਨਾਲ ਕੇਸ ਢੱਕ ਕੇ ਰੱਖਣੇ ਹਨ।
16. ਸਿੱਖ ਇਸਤਰੀਆਂ ਨੇ ਕਿਸੇ ਕਿਸਮ ਦਾ ਕੋਈ ਵਰਤ ਨਹੀਂ ਰੱਖਣਾ। ਕਰਵਾ ਚੌਥ, ਪੂਰਨਮਾਸ਼ੀ, ਮੱਸਿਆ ਆਦਿ ਦੇ ਵਰਤ ਰੱਖਣਾ ਨਿਰੋਲ ਮਨਮੱਤ ਹੈ।
17. ਸਿੱਖ ਨੇ ਕਦੀ ਸਰਾਧ ਨਹੀਂ ਕਰਨੇ ਅਤੇ ਨਾ ਹੀ ਸਰਾਧਾਂ ਵਿਚ ਹਿੱਸਾ ਲੈਣਾ ਹੈ।
18. ਸਿੱਖ ਵਾਸਤੇ ਸਾਰੇ ਦਿਨ ਹੀ ਚੰਗੇ ਹਨ। ਮਾੜੇ-ਚੰਗੇ ਦਿਨਾਂ ਦੀ ਵਿਚਾਰ ਨਹੀਂ ਕਰਨੀ। ਸੰਗਰਾਂਦ, ਮੱਸਿਆ, ਪੂਰਨਮਾਸ਼ੀ ਆਦਿ ਦਿਨ ਕੋਈ ਖ਼ਾਸ ਪਵਿੱਤਰ ਨਹੀਂ ਸਗੋਂ ਬਾਕੀ ਦੇ ਦਿਨਾਂ ਵਾਂਗ ਹੀ ਹਨ।
19. ਗੁਰਸਿੱਖ ਨੇ ਕਦੀ ਵੀ ਕਿਸੇ ਪੰਡਿਤ ਜਾਂ ਜੋਤਸ਼ੀ ਉਪਰ ਨਿਸ਼ਚਾ ਨਹੀਂ ਰੱਖਣਾ ਅਤੇ ਨਾ ਹੀ ਰਾਸ਼ੀ ਫਲ ਦੇ ਚੱਕਰ ਵਿਚ ਪੈਣਾ ਹੈ। ਜਨਮ ਸਮੇਂ ਜਨਮ ਕੁੰਡਲੀ ਨਹੀਂ ਬਣਵਾਉਣੀ ਤੇ ਵਿਆਹ ਸਮੇਂ ਸਾਹਾ ਨਹੀਂ ਕਢਵਾਉਣਾ।
20. ਸਿੱਖ ਨੇ ਕਿਸੇ ਮੂਰਤੀ ਦੀ ਪੂਜਾ ਨਹੀਂ ਕਰਨੀ। ਫੋਟੋ ਜਾਂ ਮੂਰਤੀ ਨੂੰ ਹਾਰ ਪਾਉਣੇ, ਧੂਪ ਦੇਣਾ, ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾਂ ਹੈ। ਗੁਰੂ ਸਾਹਿਬ ਦੀਆਂ ਪ੍ਰਚਲਿਤ ਤਸਵੀਰਾਂ ਅਸਲ ਤਸਵੀਰਾਂ ਨਹੀਂ ਹਨ ਤੇ ਨਾ ਹੀ ਗੁਰੂ ਸਾਹਿਬ ਦੀਆਂ ਫੋਟੋਆਂ ਜਾਂ ਤਸਵੀਰਾਂ ਜਾਂ ਮੂਰਤੀਆਂ ਬਣਾਉਣੀਆਂ ਹੀ ਚਾਹੀਦੀਆਂ ਹਨ।
21. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੀੜ੍ਹੇ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ ਤੇ ਮੰਜੀ ਸਾਹਿਬ ਹੇਠਾਂ ਜਲ ਰੱਖਣਾ ਮਨਮੱਤ ਹੈ।
22. ਕੀਰਤਨ ਕਰਨ ਸਮੇਂ ਗੁਰਬਾਣੀ ਤੋਂ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਮਨਮੱਤ ਹੈ।
23. ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਸੰਗਤ ਵਿਚ ਗਦੇਲਾ ਲਾ ਕੇ ਬੈਠਣਾ ਮਨਮੱਤ ਹੈ।
24. ਸੰਗਤ ਵਿਚ ਇੱਕ ਵਕਤ ਇੱਕੋ ਗੱਲ ਹੋਣੀ ਚਾਹੀਦੀ ਹੈ। ਪਾਠ, ਕੀਰਤਨ, ਕਥਾ ਜਾਂ ਵਖਿਆਨ। ਅਖੰਡ ਪਾਠ ਜਾਂ ਸਹਿਜ ਪਾਠ ਦੇ ਨਾਲ-ਨਾਲ ਉਸੇ ਅਸਥਾਨ ਤੇ ਕੀਰਤਨ, ਕਥਾ, ਲੈਕਚਰ ਦੇ ਪ੍ਰੋਗਰਾਮ ਕਰਨੇ ਮਨਮੱਤ ਹੈ।
25. ਅਖੰਡ ਪਾਠ ਜਾਂ ਸਹਿਜ ਪਾਠ ਆਪ ਕਰਨਾ ਚਾਹੀਦਾ ਹੈ। ਜੇ ਆਪ ਨਾ

ਕਰ ਸਕਦੇ ਹੋਈਏ ਤਾਂ ਕਿਸੇ ਸਿਆਣੇ ਪਾਠੀ ਤੋਂ ਕੋਲ ਬੈਠ ਕੇ ਸੁਣਨਾ ਜ਼ਰੂਰ ਚਾਹੀਦਾ ਹੈ। ਇਹ ਨਾ ਹੋਵੇ ਕਿ ਇਕੱਲਾ ਪਾਠੀ ਬੈਠਾ ਪਾਠ ਕਰਦਾ ਰਹੇ ਅਤੇ ਅਸੀਂ ਹੋਰ ਕੰਮਾਂ ਵਿਚ ਲੱਗੇ ਰਹੀਏ।

26. ਕੜਾਹ ਪ੍ਰਸ਼ਾਦ ਲੈਣ ਅਤੇ ਲੰਗਰ ਛਕਣ ਸਮੇਂ ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ।

27. ਸੰਗਤ ਵਿਚ ਕੜਾਹ ਪ੍ਰਸ਼ਾਦ ਵਰਤਾਉਣ ਤੋਂ ਪਹਿਲਾਂ, ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵੱਖਰਾ ਵਰਤਾਉਣਾ ਚਾਹੀਦਾ ਹੈ। ਫਿਰ ਤਾਬਿਆ ਬੈਠੇ ਸਿੱਖ ਨੂੰ ਕੌਲ ਵਿਚ ਪਾ ਕੇ ਦੇਣਾ ਚਾਹੀਦਾ ਹੈ ਤਾਂ ਕਿ ਉਹ ਸੇਵਾ ਤੋਂ ਵਿਹਲਾ ਹੋ ਕੇ ਛਕ ਸਕੇ। ਫਿਰ ਸੰਗਤ ਵਿਚ ਵਰਤਾਉਣਾ ਚਾਹੀਦਾ ਹੈ।

28. ਅਰਦਾਸ ਹੋਣ ਸਮੇਂ ਸੰਗਤ ਵਿਚ ਸ਼ਾਮਲ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ।

29. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਹੁਕਮਾਂ ਨੂੰ ਮੰਨ ਲੈਣਾ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਹੈ।

30. ਸਿੱਖ ਵਾਸਤੇ ਹੁਕਮ ਹੈ ਕਿ ਹਰ ਕਾਰਜ ਦੀ ਆਰੰਭਤਾ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।

## 29. ਕੰਠ ਕਰਨ ਲਈ ਸ਼ਬਦ

(੧) ਆਸਾ, ਘਰੁ ੭, ਮਹਲਾ ੫ (੩੯੪)

ਹਰਿ ਕਾ ਨਾਮੁ, ਰਿਦੈ ਨਿਤ ਧਿਆਈ॥ ਸੰਗੀ ਸਾਥੀ, ਸਗਲ ਤਰਾਂਈ॥

**ਗੁਰੁ ਮੇਰੈ ਸੰਗਿ, ਸਦਾ ਹੈ ਨਾਲੇ॥**

**ਸਿਮਰਿ ਸਿਮਰਿ ਤਿਸੁ, ਸਦਾ ਸਮ੍ਾਲੇ॥੧॥ ਰਹਾਉ॥**

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

ੴ ਸਤਿਗੁਰ ਪ੍ਰਸਾਦਿ॥

(੨) ਰਾਗੁ ਬੈਰਾੜੀ, ਮਹਲਾ ੫, ਘਰੁ ੧ (੭੨੦)

**ਸੰਤ ਜਨਾ ਮਿਲਿ, ਹਰਿ ਜਸੁ ਗਾਇਓ॥**

**ਕੋਟਿ ਜਨਮ ਕੇ, ਦੂਖ ਗਵਾਇਓ॥੧॥ ਰਹਾਉ॥**

ਜੋ ਚਾਹਤ, ਸੋਈ ਮਨਿ ਪਾਇਓ॥

ਕਰਿ ਕਿਰਪਾ, ਹਰਿ ਨਾਮੁ ਦਿਵਾਇਓ॥ ੧॥

ਸਰਬ ਸੂਖ ਹਰਿ ਨਾਮਿ ਵਡਾਈ॥
ਗੁਰ ਪ੍ਰਸਾਦਿ ਨਾਨਕ ਮਤਿ ਪਾਈ॥ ੨॥

### (੩) ਸੂਹੀ, ਮਹਲਾ ੫ (੭੪੨)

ਦਰਸਨੁ ਦੇਖਿ ਜੀਵਾ, ਗੁਰ ਤੇਰਾ॥ ਪੂਰਨ ਕਰਮੁ ਹੋਇ, ਪ੍ਰਭ ਮੇਰਾ॥
**ਇਹ ਬੇਨੰਤੀ ਸੁਣਿ ਪ੍ਰਭ ਮੇਰੇ॥**
**ਦੇਹਿ ਨਾਮੁ ਕਰਿ ਅਪਣੇ ਚੇਰੇ॥੧॥ ਰਹਾਉ॥**
ਅਪਣੀ ਸਰਣਿ ਰਾਖੁ ਪ੍ਰਭ ਦਾਤੇ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ॥ ੨॥
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥ ਚਰਣ ਕਮਲ ਵਸਹਿ ਮੇਰੈ ਚੀਤਾ॥ ੩॥
ਨਾਨਕੁ ਏਕ ਕਰੈ ਅਰਦਾਸਿ॥ ਵਿਸਰੁ ਨਾਹੀ ਪੂਰਨ ਗੁਣਤਾਸਿ॥ ੪॥

### (੪) ਪਉੜੀ (ਸਿਰੀ ਰਾਗ ਕੀ ਵਾਰ ਮਹਲਾ ੪) (੯੧)

**ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ॥**
**ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ॥**
ਸੰਤਾ ਸੰਗਿ ਨਿਧਾਨੁ, ਅੰਮ੍ਰਿਤੁ ਚਾਖੀਐ॥
ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ॥
ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ॥ ੨੦॥

### (੫) ਭੈਰਉ, ਮਹਲਾ ੫ (੧੧੩੬)

ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ॥ ੧॥
**ਰਾਖਾ ਏਕੁ ਹਮਾਰਾ ਸੁਆਮੀ॥**
**ਸਗਲ ਘਟਾ ਕਾ ਅੰਤਰਜਾਮੀ॥ ੧॥ ਰਹਾਉ॥**
ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥ ੨॥
ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥ ੩॥

### (੬) ਟੋਡੀ, ਮਹਲਾ ੫ (੭੧੩)

**ਸਤਿਗੁਰ, ਆਇਓ ਸਰਣਿ ਤੁਹਾਰੀ॥**
**ਮਿਲੈ ਸੂਖੁ ਨਾਮੁ ਹਰਿ ਸੋਭਾ,**
**ਚਿੰਤਾ ਲਾਹਿ ਹਮਾਰੀ॥੧॥ ਰਹਾਉ॥**
ਅਵਰ ਨ ਸੂਝੈ ਦੂਜੀ ਠਾਹਰ, ਹਾਰਿ ਪਰਿਓ ਤਉ ਦੁਆਰੀ॥

ਲੇਖਾ ਛੋਡਿ, ਅਲੇਖੈ ਛੂਟਹ, ਹਮ ਨਿਰਗੁਨ ਲੇਹੁ ਉਬਾਰੀ ॥ ੧ ॥
ਸਦ ਬਖਸਿੰਦੁ ਸਦਾ ਮਿਹਰਵਾਨਾ, ਸਭਨਾ ਦੇਇ ਅਧਾਰੀ ॥
ਨਾਨਕ ਦਾਸ ਸੰਤ ਪਾਛੈ ਪਰਿਓ, ਰਾਖਿ ਲੇਹੁ ਇਹ ਬਾਰੀ ॥ ੨ ॥

(੭) ਧਨਾਸਰੀ, ਮਹਲਾ ੫ (੬੮੨)

ਅਉਖੀ ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ ॥
ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ ॥ ੧ ॥
**ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥**
**ਆਦਿ ਅੰਤਿ ਪ੍ਰਭੁ ਸਦਾ ਸਹਾਈ**
**ਧੰਨੁ ਹਮਾਰਾ ਮੀਤੁ ॥ ੧ ॥ ਰਹਾਉ ॥**
ਮਨਿ ਬਿਲਾਸ ਭਏ, ਸਾਹਿਬ ਕੇ ਅਚਰਜ ਦੇਖਿ ਬਡਾਈ ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ
ਪ੍ਰਭਿ ਪੂਰਨ ਪੈਜ ਰਖਾਈ ॥ ੨ ॥

(੮) ਪਉੜੀ, ਰਾਗੁ ਸੋਰਠਿ ਵਾਰ ਮਹਲੇ ੪ ਕੀ (੬੫੨)

**ਰੈਣਿ ਦਿਨਸੁ ਪਰਭਾਤਿ, ਤੂਹੈ ਹੀ ਗਾਵਣਾ ॥**
**ਜੀਅ ਜੰਤ ਸਰਬਤ, ਨਾਉ ਤੇਰਾ ਧਿਆਵਣਾ ॥**
ਤੂ ਦਾਤਾ ਦਾਤਾਰੁ, ਤੇਰਾ ਦਿਤਾ ਖਾਵਣਾ ॥
ਭਗਤ ਜਨਾ ਕੈ ਸੰਗਿ, ਪਾਪ ਗਵਾਵਣਾ ॥
ਜਨ ਨਾਨਕ ਸਦ ਬਲਿਹਾਰੈ, ਬਲਿ ਬਲਿ ਜਾਵਣਾ ॥ ੨੫ ॥

(੯) ਕਾਨੜਾ, ਮਹਲਾ ੫ (੧੨੯੯)

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥**
**ਜੋ ਪ੍ਰਭ ਕੀਨੋ ਸੋ ਭਲ ਮਾਨਿਓ, ਏਹ ਸੁਮਤਿ ਸਾਧੂ ਤੇ ਪਾਈ ॥ ੨ ॥**
**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ ॥ ੩ ॥**

(੧੦) ਸੋਰਠਿ, ਮਹਲਾ ੫ (੬੨੯)

ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ ਕਰੈ ਸਭੁ ਕੋਈ ॥
ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥ ੧ ॥

**ਹਉ ਕੁਰਬਾਨੁ ਜਾਈ ਤੇਰੇ ਨਾਵੈ ॥**
**ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ**
**ਸੋ ਜਸੁ ਤੇਰਾ ਗਾਵੈ ॥ ੧ ॥ ਰਹਾਉ ॥**
ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥
ਨਾਨਕ, ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥ ੨ ॥

**(੧੧) ਰਾਮਕਲੀ, ਮਹਲਾ ੩, ਅਨੰਦੁ (੯੨੦)**

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ ਬਾਣੀ ॥**
ਜਿਨ ਕਉ ਨਦਰਿ ਕਰਮੁ ਹੋਵੈ, ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ, ਏਹ ਸਚੀ ਬਾਣੀ ॥ ੨੩ ॥

**(੧੨) ਵਡਹੰਸੁ, ਮਹਲਾ ੫ (੫੬੨)**

ਧਨੁ ਸੁ ਵੇਲਾ, ਜਿਤੁ ਦਰਸਨੁ ਕਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥ ੧ ॥
**ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥**
**ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥ ੧ ॥ ਰਹਾਉ ॥**
ਸਚੁ ਮੰਤ੍ਰੁ ਤੁਮਾਰਾ, ਅੰਮ੍ਰਿਤ ਬਾਣੀ ॥
ਸੀਤਲ ਪੁਰਖ, ਦ੍ਰਿਸਟਿ ਸੁਜਾਣੀ ॥ ੨ ॥
ਸਚੁ ਹੁਕਮੁ ਤੁਮਾਰਾ, ਤਖਤਿ, ਨਿਵਾਸੀ ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥ ੩ ॥
ਤੁਮ ਮਿਹਰਵਾਨ, ਦਾਸ ਹਮ ਦੀਨਾ ॥
ਨਾਨਕ, ਸਾਹਿਬੁ ਭਰਪੁਰਿ ਲੀਣਾ ॥ ੪ ॥

**(੧੩) ਗਉੜੀ ਕੀ ਵਾਰ, ਮ: ੪ (੩੦੫-੬)**

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ, ਤਿਸੁ ਗੁਰਸਿਖ ਕੀ
ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ ॥

### (੧੪) ਵਾਰ ੧੨, ਪਉੜੀ ੪ (ਭਾਈ ਗੁਰਦਾਸ ਜੀ)

**ਹਉਂ ਤਿਸ ਘੋਲ ਘੁਮਾਇਆ, ਗੁਰਮਤਿ ਰਿਦੇ ਗਰੀਬੀ ਆਵੈ ॥**
ਹਉਂ ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੇ ਨੇੜਿ ਨ ਜਾਵੈ ॥
ਹਉਂ ਤਿਸੁ ਘੋਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ ॥
ਹਉਂ ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣਿ ਆਪੁ ਹਟਾਵੈ ॥
ਹਉਂ ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸ ਕਮਾਵੈ ॥
ਹਉਂ ਤਿਸੁ ਘੋਲਿ ਘੁਮਾਇਆ, ਥੋੜਾ ਸਵੈ ਥੋੜਾ ਹੀ ਖਾਵੈ ॥
ਗੁਰਮੁਖਿ ਸੋਈ ਸਹਜਿ ਸਮਾਵੈ ॥ ੪ ॥

### (੧੫) ਸੂਹੀ, ਮਹਲਾ ੫ (੭੪੯-੫੦)

ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ, ਮਰਣਾ ਚੀਤਿ ਨ ਆਵੈ ॥ ੧ ॥
**ਮੇਰੇ ਰਾਮ ਰਾਇ, ਤੂੰ ਸੰਤਾ ਕਾ ਸੰਤ ਤੇਰੇ ॥**
**ਤੇਰੇ ਸੇਵਕ ਕਉ ਭਉ ਕਿਛੁ ਨਾਹੀ**
**ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥**
ਜੋ ਤੇਰੈ ਰੰਗਿ ਰਾਤੇ ਸੁਆਮੀ, ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
ਤੇਰੀ ਬਖਸ ਨ ਮੇਟੈ ਕੋਈ, ਸਤਿਗੁਰ ਕਾ ਦਿਲਾਸਾ ॥ ੨ ॥
ਨਾਮੁ ਧਿਆਇਨਿ ਸੁਖ ਫਲ ਪਾਇਨਿ, ਆਠ ਪਹਰ ਆਰਾਧਹਿ ॥
ਤੇਰੀ ਸਰਣਿ, ਤੇਰੈ ਭਰਵਾਸੈ, ਪੰਚ ਦੁਸਟ ਲੈ ਸਾਧਹਿ ॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ ॥ ੪ ॥

### (੧੬) ਸੋਰਠਿ, ਮਹਲਾ ੫ (੬੧੭)

ਕਾਮ ਕ੍ਰੋਧ ਲੋਭ ਝੂਠ ਨਿੰਦਾ, ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ, ਆਪਨ ਨਿਕਟਿ ਬੁਲਾਵਹੁ ॥ ੧ ॥
**ਅਪੁਨੀ ਬਿਧਿ ਆਪਿ ਜਨਾਵਹੁ**
**ਹਰਿਜਨ ਮੰਗਲ ਗਾਵਹੁ ॥ ੧ ॥ ਰਹਾਉ ॥**
ਬਿਸਰੁ ਨਾਹੀ ਕਬਹੂ ਹੀਏ ਤੇ, ਇਹ ਬਿਧਿ ਮਨ ਮਹਿ ਪਾਵਹੁ ॥
ਗੁਰੁ ਪੂਰਾ ਭੇਟਿਓ ਵਡਭਾਗੀ, ਜਨ ਨਾਨਕ ਕਤਹਿ ਨ ਧਾਵਹੁ ॥ ੨ ॥

### (੧੭) ਸੋਰਠਿ, ਮਹਲਾ ੫ (੬੧੩)

ਹਮ ਮੈਲੇ, ਤੁਮ ਊਜਲ ਕਰਤੇ, ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ, ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ ॥ ੧ ॥
**ਮਾਧੋ ਹਮ ਐਸੇ, ਤੂ ਐਸਾ ॥**
**ਹਮ ਪਾਪੀ, ਤੁਮ ਪਾਪ ਖੰਡਨ**
**ਨੀਕੋ ਠਾਕੁਰ ਦੇਸਾ ॥ ੧ ॥ ਰਹਾਉ ॥**
ਤੁਮ ਸਭ ਸਾਜੇ, ਸਾਜਿ ਨਿਵਾਜੇ, ਜੀਉ ਪਿੰਡੁ ਦੇ ਪ੍ਰਾਨਾ ॥
ਨਿਰਗੁਨੀਆਰੇ, ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ ॥ ੨ ॥
ਤੁਮ ਕਰਹੁ ਭਲਾ, ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ ॥
ਤੁਮ ਸੁਖਦਾਈ ਪੁਰਖ ਬਿਧਾਤੇ, ਤੁਮ ਰਾਖਹੁ ਅਪੁਨੇ ਬਾਲਾ ॥ ੩ ॥
ਤੁਮ ਨਿਧਾਨ, ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ ॥
ਕਹੁ ਨਾਨਕ ਹਮ ਇਹੈ ਹਵਾਲਾ, ਰਾਖੁ ਸੰਤਨ ਕੈ ਪਾਛੈ ॥ ੪ ॥

### (੧੮) ਧਨਾਸਰੀ, ਮਹਲਾ ੫ (੬੭੭)

ੴ ਸਤਿਗੁਰ ਪ੍ਰਸਾਦਿ ॥

ਘਰਿ ਬਾਹਰਿ ਤੇਰਾ ਭਰਵਾਸਾ, ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ, ਨਾਮੁ ਜਪਉ ਹਰਿ ਰੰਗਿ ॥ ੧ ॥
**ਜਨ ਕਉ ਪ੍ਰਭ ਅਪਨੇ ਕਾ ਤਾਣੁ ॥**
**ਜੋ ਤੂ ਕਰਹਿ ਕਰਾਵਹਿ ਸੁਆਮੀ,**
**ਸਾ ਮਸਲਤਿ ਪਰਵਾਣੁ ॥ ੧ ॥ ਰਹਾਉ ॥**
ਪਤਿ ਪਰਮੇਸਰੁ ਗਤਿ ਨਾਰਾਇਣੁ, ਧਨੁ ਗੁਪਾਲ ਗੁਣ ਸਾਖੀ ॥
ਚਰਨ ਸਰਨ ਨਾਨਕ ਦਾਸ, ਹਰਿ ਹਰਿ, ਸੰਤੀ ਇਹ ਬਿਧਿ ਜਾਤੀ ॥ ੨ ॥

(੧੯) ਮਾਝ, ਮਹਲਾ ੫ (੧੦੩)

**ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ॥**
**ਤੂੰ ਮੇਰਾ ਬੰਧਪੁ, ਤੂੰ ਮੇਰਾ ਭ੍ਰਾਤਾ॥**
**ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ॥ ੧॥**
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ, ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ॥ ੨॥
ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥
ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ, ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥ ੪॥

(੨੦) ਗੋਂਡ, ਮਹਲਾ ੫ (੮੬੪)

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥ ੧॥
**ਗੁਰੁ ਪਰਮੇਸਰੁ ਏਕੋ ਜਾਣੁ॥**
**ਜੋ ਤਿਸੁ ਭਾਵੈ ਸੋ ਪਰਵਾਣੁ॥ ੧॥ ਰਹਾਉ॥**
ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥
ਗੁਰ ਕੀ ਸੇਵਾ ਪਾਏ ਮਾਨੁ॥ ਗੁਰ ਊਪਰਿ ਸਦਾ ਕੁਰਬਾਨੁ॥ ੩॥
ਗੁਰ ਕਾ ਦਰਸਨੁ ਦੇਖਿ ਨਿਹਾਲ॥ ਗੁਰ ਕੇ ਸੇਵਕ ਕੀ ਪੂਰਨ ਘਾਲ॥
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ॥ ੩॥
ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ॥
ਕਹੁ ਨਾਨਕ ਜਾ ਕੇ ਪੂਰੇ ਭਾਗ॥ ਗੁਰ ਚਰਣੀ ਤਾ ਕਾ ਮਨੁ ਲਾਗ॥ ੪॥

(੨੧) ਸੋਰਠਿ, ਮਹਲਾ ੫ (੬੩੦)

ਸਰਬ ਸੁਖਾ ਕਾ ਦਾਤਾ ਸਤਿਗੁਰੁ, ਤਾ ਕੀ ਸਰਨੀ ਪਾਈਐ॥
ਦਰਸਨੁ ਭੇਟਤ ਹੋਤ ਅਨੰਦਾ, ਦੂਖੁ ਗਇਆ ਹਰਿ ਗਾਈਐ॥ ੧॥
**ਹਰਿ ਰਸੁ ਪੀਵਹੁ ਭਾਈ॥**
**ਨਾਮੁ ਜਪਹੁ, ਨਾਮੋ ਆਰਾਧਹੁ**
**ਗੁਰ ਪੂਰੇ ਕੀ ਸਰਨਾਈ॥ ੧॥ ਰਹਾਉ॥**

ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ, ਸੋਈ ਪੂਰਨੁ ਭਾਈ ॥
ਨਾਨਕ ਕੀ ਬੇਨੰਤੀ ਪ੍ਰਭ ਜੀ, ਨਾਮਿ ਰਹਾ ਲਿਵ ਲਾਈ ॥ ੧ ॥

**(੨੨) ਰਾਮਕਲੀ, ਮਹਲਾ ੫ (੯੦੧)**

**ਗੁਰੁ ਪੂਰਾ, ਮੇਰਾ ਗੁਰੁ ਪੂਰਾ ॥**
**ਰਾਮਨਾਮੁ ਜਪਿ ਸਦਾ ਸੁਹੇਲੇ,**
**ਸਗਲ ਬਿਨਾਸੇ ਰੋਗ ਕੂਰਾ ॥ ੧ ॥ ਰਹਾਉ ॥**
ਏਕੁ ਅਰਾਧਹੁ ਸਾਚਾ ਸੋਇ ॥ ਜਾ ਕੀ ਸਰਨਿ ਸਦਾ ਸੁਖੁ ਹੋਇ ॥ ੧ ॥
ਨੀਦ ਸੁਹੇਲੀ ਨਾਮ ਕੀ ਲਾਗੀ ਭੂਖ ॥ ਹਰਿ ਸਿਮਰਤ ਬਿਨਸੇ ਸਭ ਦੂਖ ॥ ੨ ॥
ਸਹਜਿ ਅਨੰਦ ਕਰਹੁ ਮੇਰੇ ਭਾਈ ॥ ਗੁਰਿ ਪੂਰੈ ਸਭ ਚਿੰਤ ਮਿਟਾਈ ॥ ੩ ॥
ਆਠ ਪਹਰ ਪ੍ਰਭ ਕਾ ਜਪੁ ਜਾਪਿ ॥ ਨਾਨਕ ਰਾਖਾ ਹੋਆ ਆਪਿ ॥ ੪ ॥

**(੨੩) ਆਸਾ, ਸ੍ਰੀ ਕਬੀਰ ਜੀਉ (੪੮੪)**

ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ ॥ ੧ ॥
**ਪੂਜਹੁ ਰਾਮੁ ਏਕੁ ਹੀ ਦੇਵਾ ॥**
**ਸਾਚਾ ਨਾਵਣੁ ਗੁਰ ਕੀ ਸੇਵਾ ॥ ੧ ॥ ਰਹਾਉ ॥**
ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥ ੨ ॥
ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ ॥ ੩ ॥
ਦਿਨਸੁ ਨ ਰੈਨਿ, ਬੇਦੁ ਨਹੀ ਸਾਸਤ੍ਰ, ਤਹਾ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ, ਬਾਵਰਿਆ ਸੰਸਾਰਾ ॥ ੪ ॥

**(੨੪) ਆਸਾ, ਸੇਖ ਫਰੀਦ ਜੀਉ ਕੀ ਬਾਣੀ (੪੮੮)**

ੴ ਸਤਿਗੁਰ ਪ੍ਰਸਾਦਿ ॥

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ, ਮੁਖਿ ਹੋਰੁ, ਸਿ ਕਾਂਢੇ ਕਚਿਆ ॥ ੧ ॥
**ਰਤੇ ਇਸਕ ਖੁਦਾਇ, ਰੰਗਿ ਦੀਦਾਰ ਕੇ ॥**
**ਵਿਸਰਿਆ ਜਿਨ੍ ਨਾਮੁ, ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥**

ਆਪਿ ਲੀਏ ਲੜਿ ਲਾਇ, ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ, ਆਏ ਸਫਲੁ ਸੇ ॥
ਪਰਵਦਗਾਰ ਅਪਾਰ, ਅਗਮ ਬੇਅੰਤ ਤੂ ।
ਜਿਨਾ ਪਛਾਤਾ ਸਚੁ, ਚੁੰਮਾ ਪੈਰ ਮੂੰ ॥
ਤੇਰੀ ਪਨਹ ਖੁਦਾਇ, ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ, ਦੀਜੈ ਬੰਦਗੀ ॥ ੪ ॥

**(੨੫) ਸਲੋਕ ਮ: ੫ (ਰਾਮਕਲੀ ਕੀ ਵਾਰ ਮ: ੫) [੯੬੧]**

**ਕਰਿ ਕਿਰਪਾ ਕਿਰਪਾਲ, ਆਪੇ ਬਖਸਿ ਲੈ ॥**
**ਸਦਾ ਸਦਾ ਜਪੀ ਤੇਰਾ ਨਾਮੁ, ਸਤਿਗੁਰ ਪਾਇ ਪੈ ॥**
ਮਨ ਤਨ ਅੰਤਰਿ ਵਸੁ, ਦੂਖਾ ਨਾਸੁ ਹੋਇ ॥
ਹਥ ਦੇਇ ਆਪਿ ਰਖੁ, ਵਿਆਪੈ ਭਉ ਨ ਕੋਇ ॥
ਗੁਣ ਗਾਵਾ ਦਿਨੁ ਰੈਣਿ, ਏਤੈ ਕੰਮਿ ਲਾਇ ॥
ਸੰਤ ਜਨਾ ਕੈ ਸੰਗਿ, ਹਉਮੈ ਰੋਗੁ ਜਾਇ ॥
ਸਰਬ ਨਿਰੰਤਰਿ ਖਸਮੁ, ਏਕੋ ਰਵਿ ਰਹਿਆ ॥
ਗੁਰ ਪਰਸਾਦੀ ਸਚੁ, ਸਚੋ ਸਚੁ ਲਹਿਆ ॥
ਦਇਆ ਕਰਹੁ ਦਇਆਲ, ਅਪਣੀ ਸਿਫਤਿ ਦੇਹੁ ॥
ਦਰਸਨੁ ਦੇਖਿ ਨਿਹਾਲ, ਨਾਨਕ ਪ੍ਰੀਤਿ ਏਹ ॥ ੧ ॥

## 30. ਅਰਦਾਸ

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਭਗੌਤੀ ਜੀ ਸਹਾਇ ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦ ॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸੁ, ਰਾਮਦਾਸੈ ਹੋਈਂ ਸਹਾਇ। ਅਰਜਨ ਹਰਿਗੋਬਿੰਦ ਨੋ, ਸਿਮਰੌ ਸ੍ਰੀ ਹਰਿਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖ ਜਾਇ। ਤੇਗ਼ ਬਹਾਦਰ ਸਿਮਰਿਐ, ਘਰ ਨਉਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ, ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ਼ ਤੇਗ਼ ਫ਼ਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪ ਵਾਹਿਗੁਰੂ! ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ ...............* ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।
ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।
ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।**

* * * * * * * *

---

* ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ ਜੀ।

** ਉਪਰੰਤ ਫ਼ਤਹਿ ਤੇ ਜੈਕਾਰਾ ਗਜਾਇਆ ਜਾਵੇ।

# ਕੁਝ ਚੋਣਵੇਂ ਪ੍ਰਸ਼ਨ

1. (ੳ) "੧ੳ" ਤੋਂ ਲੈ ਕੇ "ਗੁਰ ਪ੍ਰਸਾਦਿ" ਤਕ ਦੇ ਅਰਥ ਲਿਖੋ।
   (ਅ) "ਅਜੂਨੀ ਸੈਭੰ" ਦਾ ਪਾਠ ਇਕੱਠਾ ਕਰਨਾ ਚਾਹੀਦਾ ਹੈ ਜਾਂ ਵੱਖਰਾ ਵੱਖਰਾ ?
2. ਦਸ ਪਾਤਸ਼ਾਹੀਆਂ ਦੇ ਨਾਮ ਤਰਤੀਬਵਾਰ ਲਿਖੋ।
3. ਪੰਜ ਪਿਆਰਿਆਂ ਅਤੇ ਚਾਰ ਸਾਹਿਬਜ਼ਾਦਿਆਂ ਦੇ ਨਾਮ ਲਿਖੋ।
4. ਪੰਜ ਤਖ਼ਤਾਂ ਦੇ ਨਾਮ ਅਤੇ ਇਨ੍ਹਾਂ ਦੀ ਸੰਖੇਪ ਇਤਿਹਾਸਕ ਮਹੱਤਤਾ ਲਿਖੋ।
5. (ੳ) ਸਿੱਖ ਕਿਸ ਨੂੰ ਕਹਿੰਦੇ ਹਨ ?
   (ਅ) ਚਾਰ ਕੁਰਹਿਤਾਂ ਕਿਹੜੀਆਂ ਕਿਹੜੀਆਂ ਹਨ ?
6. ਪੰਜ ਕਕਾਰਾਂ ਦੇ ਨਾਮ ਅਤੇ ਇਨ੍ਹਾਂ ਦੀ ਸੰਖੇਪ ਮਹੱਤਤਾ ਲਿਖੋ।
7. "ਜਾਗਤ ਜੋਤਿ ਜਪੈ ਨਿਸ ਬਾਸੁਰ" ਵਾਲਾ ਪੂਰਾ ਸਵੱਯਾ ਲਿਖੋ ਤੇ ਅਰਥ ਵੀ ਦੱਸੋ।
8. ਸਿੱਖਾਂ ਦਾ ਜੈਕਾਰਾ ਕਿਹੜਾ ਹੈ ਅਤੇ ਕਿਸ ਸਮੇਂ ਬੁਲਾਇਆ ਜਾਂਦਾ ਹੈ ?
9. (ੳ) ਸਿੱਖਾਂ ਨੂੰ ਆਪਸ ਵਿਚ ਮਿਲਣ ਸਮੇਂ ਕੀ ਬੋਲਣਾ ਚਾਹੀਦਾ ਹੈ ਅਤੇ ਇਸ ਲਈ ਕਿਸ ਨੇ ਹੁਕਮ ਕੀਤਾ ਸੀ ?
   (ਅ) ਕੀ 'ਫ਼ਤਹਿ' ਬੁਲਾਉਣ ਸਮੇਂ ਨਾਲ 'ਸ੍ਰੀ' ਲਗਾਉਣਾ ਚਾਹੀਦਾ ਹੈ ?
10. (ੳ) ਹੁਣ ਸਾਡੇ ਗੁਰੂ ਕੌਣ ਹਨ ? ਇਨ੍ਹਾਂ ਨੂੰ ਗੁਰਿਆਈ ਕਿਸ ਨੇ ਅਤੇ ਕਦੋਂ ਦਿੱਤੀ ਸੀ ?
    (ਅ) ਹੁਣ ਸਿੱਖਾਂ ਦਾ ਗੁਰੂ ਕੋਈ ਦੇਹਧਾਰੀ ਕਿਉਂ ਨਹੀਂ ਹੋ ਸਕਦਾ ?
11. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦਾ ਕੀ ਅਰਥ ਹੈ ? ਕੀ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਹੋਰ ਨੂੰ ਵੀ ਮੱਥਾ ਟੇਕ ਸਕਦਾ ਹੈ ?
12. ਬੀਬੇ ਸਿੱਖ ਬੱਚੇ ਦੇ ਕੋਈ 10 ਗੁਣ ਲਿਖੋ।
13. (ੳ) ਸਾਡਾ ਸਾਂਝਾ ਪਰਿਵਾਰ ਕਿਹੜਾ ਹੈ ? ਅਸੀਂ ਇਸ ਦੇ ਮੈਂਬਰ ਕਿਵੇਂ ਬਣ ਸਕਦੇ ਹਾਂ ?
    (ਅ) ਸਾਂਝੇ ਪਰਿਵਾਰ ਦੇ ਮੈਂਬਰ ਹੋਣ ਕਰਕੇ ਸਾਡਾ ਜਨਮ ਅਸਥਾਨ ਕਿਹੜਾ ਹੈ ਅਤੇ ਅਸੀਂ ਕਿੱਥੋਂ ਦੇ ਵਾਸੀ ਹਾਂ ?

(ੲ) ਸਿੱਖਾਂ ਦੇ ਧਾਰਮਿਕ ਮਾਤਾ-ਪਿਤਾ ਕੌਣ ਹਨ?

14. ਧਰਤੀ, ਆਕਾਸ਼, ਅੱਗ, ਪਾਣੀ, ਸੂਰਜ, ਚੰਦਰਮਾ ਆਦਿ ਰੱਬ ਕਿਉਂ ਨਹੀਂ ਹੋ ਸਕਦੇ? ਰੱਬ ਦਾ ਘਰ ਕਿਹੜਾ ਹੈ?

15. (ੳ) ਕੇਸਾਂ ਦੇ ਸਤਿਕਾਰ ਲਈ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ?

(ਅ) ਕੀ ਸਿੱਖ ਬੀਬੀਆਂ ਵੱਲੋਂ ਅੱਖਾਂ ਦੇ ਭਰਵੱਟੇ ਕੱਟਣਾ ਕੇਸਾਂ ਦੀ ਬੇਅਦਬੀ ਵਿਚ ਸ਼ਾਮਲ ਹੈ?

16. ਗੁਰਦੁਆਰੇ ਜਾਣ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ?

17. ਸਿੱਖ ਪੰਥ ਨੂੰ ਕਿਹੜੇ ਤਿਉਹਾਰ ਅਤੇ ਦਿਹਾੜੇ ਮਨਾਉਣੇ ਚਾਹੀਦੇ ਹਨ?

18. ਸ਼ਰਾਬ, ਤੰਬਾਕੂ ਅਤੇ ਪਾਨ ਦੇ ਪੰਜ-ਪੰਜ ਨੁਕਸਾਨ ਲਿਖੋ।

19. (ੳ) ਹਰ ਸਿੱਖ ਲਈ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ?

(ਅ) ਅੰਮ੍ਰਿਤ ਛਕਣ ਸਮੇਂ ਸਭ ਸਿੱਖਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਕਿਉਂ ਛਕਾਇਆ ਜਾਂਦਾ ਹੈ?

(ੲ) ਜਿਨ੍ਹਾਂ ਨੇ ਕੇਸ ਤਾਂ ਰੱਖੇ ਹੋਏ ਹਨ ਪਰ ਅੰਮ੍ਰਿਤ ਨਹੀਂ ਛਕਿਆ, ਉਨ੍ਹਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਹੁਕਮ ਹੈ?

20. ਕੀ ਤੀਰਥਾਂ ਦੇ ਇਸ਼ਨਾਨ ਨਾਲ ਮਨ ਪਵਿੱਤਰ ਹੁੰਦਾ ਹੈ? ਜੇ ਨਹੀਂ, ਤਾਂ ਮਨ ਕਿਵੇਂ ਪਵਿੱਤਰ ਹੁੰਦਾ ਹੈ?

21. (ੳ) ਸਿੱਖ ਧਰਮ ਵਿਚ ਗੁਰਦੁਆਰਿਆਂ ਦੀ ਕੀ ਮਹਾਨਤਾ ਹੈ?

(ਅ) ਕੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੂੰ ਵੋਟਾਂ ਪਾ ਕੇ ਚੁਣਨ ਦਾ ਤਰੀਕਾ ਠੀਕ ਹੈ?

(ੲ) ਇਤਿਹਾਸਕ ਗੁਰਦੁਆਰਾ ਕਿਸ ਨੂੰ ਕਹਿੰਦੇ ਹਨ?

22. ਪੁਸਤਕ ਵਿਚ ਦਿੱਤੇ ਗਏ ਗੁਰਦੁਆਰਿਆਂ ਦੀ ਸੰਖੇਪ ਇਤਿਹਾਸਕ ਮਹੱਤਤਾ ਲਿਖੋ?

23. ਪੁਸਤਕ ਵਿਚ ਦਿੱਤੇ ਗਏ ਸ਼ਬਦ ਕੰਠ ਕਰੋ।

24. ਸੰਪੂਰਨ ਅਰਦਾਸ ਲਿਖੋ।

* * * * * * * * *

# ਸਿੱਖ ਮਿਸ਼ਨਰੀ ਕਾਲਜ ਦਾ ਉਦੇਸ਼

**ਸਿੱਖ ਮਿਸ਼ਨਰੀ ਕਾਲਜ ਦਾ ਮਿਸ਼ਨ**

ਸਮੁੱਚੇ ਸੰਸਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। ਸਮੂਹ ਮਨੁੱਖ ਜਾਤੀ ਨੂੰ ਪ੍ਰਭੂ ਨਾਲ ਜੋੜਨਾ। ਸਰਬੱਤ ਦੇ ਭਲੇ ਲਈ ਸੇਵਾ ਦੇ ਕਾਰਜ ਕਰਨੇ।

**ਸੰਸਥਾ ਦਾ ਉਦੇਸ਼**

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਚੱਲ ਕੇ ਅਧਿਆਤਮਕ ਤੇ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਚਾਰ/ਪ੍ਰਸਾਰ ਕਰਨਾ। ਸਤਿਗੁਰਾਂ ਦੇ ਸੁਪਨਿਆਂ ਵਾਲਾ ਆਦਰਸ਼ਕ ਸਮਾਜ ਕਾਇਮ ਕਰਨਾ।
2. ਸ਼ਬਦ-ਗੁਰੂ ਦੀ ਵਿਚਾਰਧਾਰਾ ਨਾਲ ਦੇਹ-ਪੂਜਾ, ਪਖੰਡ, ਭੇਖਵਾਦ, ਕਰਮ-ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਦੇ ਹਨੇਰੇ (ਅਗਿਆਨਤਾ) ਨੂੰ ਜੜ੍ਹੋਂ ਖ਼ਤਮ ਕਰਨ ਦੇ ਉਪਰਾਲੇ ਕਰਨੇ।

**ਉਦੇਸ਼-ਪ੍ਰਾਪਤੀ ਲਈ ਟੀਚੇ**

1. ਗੁਰਬਾਣੀ ਦੀ ਵਿਚਾਰਧਾਰਾ ਨੂੰ ਪੰਜਾਬ, ਦੇਸ਼ ਅਤੇ ਸੰਸਾਰ ਦੇ ਹਰੇਕ ਪ੍ਰਾਣੀ ਤੱਕ ਪਹੁੰਚਾਉਣਾ।
2. ਨੌਜੁਆਨਾਂ ਨੂੰ ਸਿੱਖ ਪੰਥ ਦਾ ਲਾਸਾਨੀ ਇਤਿਹਾਸ ਦ੍ਰਿੜ ਕਰਵਾ ਕੇ ਪਤਿਤਪੁਣੇ ਅਤੇ ਨਸ਼ਿਆਂ ਦੇ ਮਾਰੂ ਰੋਗ ਤੋਂ ਬਚਾਉਣਾ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਚਾਰ/ਪ੍ਰਸਾਰ ਲਈ ਭਾਰੀ ਗਿਣਤੀ ਵਿਚ ਪੜ੍ਹੇ-ਲਿਖੇ ਤੇ ਗੁਰਸਿੱਖੀ ਜੀਵਨ ਵਾਲੇ ਧਰਮ ਪ੍ਰਚਾਰਕ ਤਿਆਰ ਕਰਨੇ।
4. ਪ੍ਰਚਾਰਕਾਂ ਦੀ ਤਿਆਰੀ 'ਪੱਤਰ ਵਿਹਾਰ ਕੋਰਸ' ਅਤੇ ਰੈਗੂਲਰ (ਫ਼ੁੱਲ ਟਾਈਮ ਤੇ ਰਿਹਾਇਸ਼ ਵਾਲੇ) ਸਿੱਖ ਮਿਸ਼ਨਰੀ ਕਾਲਜਾਂ ਰਾਹੀਂ ਕਰਾਉਣੀ।
5. ਵੱਖ-ਵੱਖ ਭਾਸ਼ਾਵਾਂ ਵਿਚ ਮਾਸਿਕ ਪੱਤਰ ਜਾਰੀ ਕਰਨੇ ਅਤੇ ਪ੍ਰਮਾਣਿਕ ਸਿੱਖ-ਸਾਹਿਤ ਤਿਆਰ ਕਰਵਾਉਣਾ।
6. ਸਕੂਲਾਂ, ਕਾਲਜਾਂ ਤੇ ਪਿੰਡਾਂ ਵਿਚ ਸਿੱਖ-ਰਹਿਤ ਸਾਹਿਤ ਵੰਡਣਾ।

**ਆਰੰਭ ਕੀਤੇ ਗਏ ਪ੍ਰਾਜੈਕਟ**

ਉਪ੍ਰੋਕਤ ਟੀਚਿਆਂ ਦੀ ਪ੍ਰਾਪਤੀ ਲਈ ਹੇਠ ਲਿਖੇ ਪ੍ਰਾਜੈਕਟ ਹੁਣ ਤੱਕ ਅਮਲ ਵਿਚ ਲਿਆਂਦੇ ਗਏ ਹਨ :

(ੳ) **ਦੋ-ਸਾਲਾ 'ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ' ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਵਿਚ।**

(ਅ) **ਮਾਸਿਕ ਪੱਤਰ 'ਸਿੱਖ ਫੁਲਵਾੜੀ'** ਜੋ ਪੰਜਾਬੀ ਅਤੇ ਹਿੰਦੀ ਵਿਚ ਛਪਦਾ ਹੈ। ਇਸ ਦੀ ਛਪਣ ਗਿਣਤੀ ਸਿੱਖ ਧਰਮ ਬਾਰੇ ਛਪ ਰਹੇ ਸਭ ਮਾਸਿਕ ਪੱਤਰਾਂ ਤੋਂ ਵਧੇਰੇ ਹੈ।

(ਏ) **ਪ੍ਰਮਾਣਿਕ ਧਾਰਮਿਕ ਲਿਟਰੇਚਰ** :ਗੁਰਬਾਣੀ ਵਿਆਖਿਆ, ਸਿੱਖ ਵਿਚਾਰਧਾਰਾ, ਇਤਿਹਾਸ ਅਤੇ ਸਭਿਆਚਾਰ ਬਾਰੇ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਵਿਚ ਲਗਭਗ 460 ਪੁਸਤਕਾਂ ਛਪ ਚੁੱਕੀਆਂ ਹਨ।

(ਸ) **ਸਿੱਖ ਮਿਸ਼ਨਰੀ ਫ਼ੁੱਲ ਟਾਈਮ ਕਾਲਜ** : ਅਨੰਦਪੁਰ ਸਾਹਿਬ, ਭੌਰ ਸੈਦਾਂ ਹਰਿਆਣਾ), ਅਤੇ ਬਰੇਲੀ ਵਿਖੇ ਇਕਸਾਰ ਵਿਚਾਰਧਾਰਾ ਵਾਲੇ ਅਤ ਸਿੱਖੀ ਜੀਵਨ ਵਾਲੇ ਪ੍ਰਚਾਰਕ ਤਿਆਰ ਕਰਨ ਲਈ, ਫ਼ੁੱਲ-ਟਾਈਮ ਮਿਸ਼ਨਰੀ ਕਾਲਜ ਸਥਾਪਤ ਕੀਤੇ ਗਏ ਹਨ। ਜਲੰਧਰ ਵਿਖੇ ਬੀਬੀਆਂ ਲਈ ਅਜਿਹਾ ਕਾਲਜ ਸਫਲਤਾ ਪੂਰਵਕ ਚੱਲ ਰਿਹਾ ਹੈ।

(ਹ) **ਫ਼੍ਰੀ-ਲਿਟਰੇਚਰ ਪ੍ਰਾਜੈਕਟ** : ਇਸ ਪ੍ਰਾਜੈਕਟ ਰਾਹੀਂ ਹਰ ਮਹੀਨੇ ਕਿਸੇ ਨਾ ਕਿਸੇ ਪਹਿਲੂ 'ਤੇ 60,000 ਪੁਸਤਿਕਾਵਾਂ (ਟ੍ਰੈਕਟ) ਛਾਪ ਕੇ ਸੰਗਤਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ।

(ਕ) **ਸਾਲਾਨਾ ਧਾਰਮਿਕ ਪ੍ਰੀਖਿਆ** : ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਤੇ ਆਮ ਸੰਗਤਾਂ ਲਈ ਇਹ ਪ੍ਰੀਖਿਆ ਸਫਲਤਾ ਸਹਿਤ ਚੱਲ ਰਹੀ ਹੈ। ਹਰ ਸਾਲ ਲੱਖਾਂ ਰੁਪਏ ਦੇ ਪੁਰਸਕਾਰ (ਇਨਾਮ) ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ।

(ਖ) **ਸਿੱਖ ਮਿਸ਼ਨਰੀ ਪਬਲਿਕ ਸਕੂਲ** : ਇਹ ਸਕੂਲ ਲੁਧਿਆਣਾ ਵਿਖੇ ਸਥਾਪਤ ਕੀਤਾ ਗਿਆ ਹੈ, ਜਿਸ ਵਿਚ ਸੰਸਾਰਕ ਵਿਦਿਆ ਦੇ ਨਾਲ ਧਾਰਮਿਕ ਵਿਦਿਆ ਵੀ ਦਿੱਤੀ ਜਾਂਦੀ ਹੈ।

(ਗ) **ਹਫ਼ਤਾਵਾਰੀ ਧਾਰਮਿਕ ਕਲਾਸਾਂ** : ਬੱਚਿਆਂ ਤੇ ਨੌਜੁਆਨਾਂ ਨੂੰ ਗੁਰਮਤਿ ਦੀ ਜਾਣਕਾਰੀ ਦੇ ਕੇ ਅਮੀਰ ਵਿਰਸੇ ਨਾਲ ਜੋੜਨ ਲਈ ਵੱਖ-ਵੱਖ ਇਲਾਕਿਆਂ ਵਿਚ ਇਹ ਕਲਾਸਾਂ ਚੱਲ ਰਹੀਆਂ ਹਨ।

(ਘ) **ਸਮਾਜ-ਭਲਾਈ ਕਾਰਜ** : ਕਈ ਸਰਕਲਾਂ ਵਿਚ ਡਿਸਪੈਂਸਰੀਆਂ ਤੇ ਲਾਇਬ੍ਰੇਰੀਆਂ ਚੱਲ ਰਹੀਆਂ ਹਨ। ਲੋੜਵੰਦ ਬੱਚਿਆਂ ਨੂੰ ਫ਼ੀਸ, ਫ਼੍ਰੀ-ਕਿਤਾਬਾਂ ਤੇ ਕਾਪੀਆਂ, ਵਰਦੀਆਂ ਸਰਕਲ ਪੱਧਰ ਤੇ ਦਿੱਤੀਆਂ ਜਾ ਰਹੀਆਂ ਹਨ। ਸਿਕਲੀਗਰਾਂ ਅਤੇ ਵਣਜਾਰਿਆਂ ਦੀ ਭਲਾਈ ਲਈ ਖ਼ਾਸ ਯਤਨ ਕੀਤੇ ਜਾ ਰਹੇ ਹਨ।

(ਙ) **ਗੁਰਮਤਿ ਅਤੇ ਅੰਮ੍ਰਿਤ ਸੰਚਾਰ ਸਮਾਗਮ** : ਸਮੁੱਚੀ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ ਲਈ ਅਜਿਹੇ ਸਮਾਗਮ ਸਰਕਲ ਪੱਧਰ 'ਤੇ ਅਤੇ ਸੰਸਥਾ ਦੇ ਕੇਂਦਰੀ ਸਮਾਗਮਾਂ 'ਤੇ ਕੀਤੇ ਜਾਂਦੇ ਹਨ।

ਉਪ੍ਰੋਕਤ ਪ੍ਰਾਜੈਕਟਾਂ ਤੋਂ ਸਿਵਾਏ ਧਾਰਮਿਕ ਪੁਸਤਕਾਂ ਦੀਆਂ ਪ੍ਰਦਰਸ਼ਨੀਆਂ, ਗੁਰਪੁਰਬਾਂ ਅਤੇ ਗੁਰਮਤਿ ਸਮਾਗਮਾਂ ਤੇ ਲਾਈਆਂ ਜਾਂਦੀਆਂ ਹਨ, ਗੁਰਬਾਣੀ ਦੇ ਸ਼ੁੱਧ ਪਾਠ ਲਈ **ਵਿਸ਼ੇਸ਼ ਗੁਟਕੇ** ਤਿਆਰ ਕੀਤੇ ਗਏ ਹਨ; ਵੱਖ-ਵੱਖ ਥਾਵਾਂ 'ਤੇ **ਬੱਚਿਆਂ ਦੇ ਕੀਰਤਨ, ਲੈਕਚਰ, ਕਵਿਜ਼ ਆਦਿ ਦੇ ਮੁਕਾਬਲੇ** ਕਰਾਏ ਜਾਂਦੇ ਹਨ ਅਤੇ ਧਾਰਮਿਕ ਵਿਸ਼ਿਆਂ ਵਾਲੀਆਂ **ਆਡੀਓ/ਵੀਡੀਓ ਕੈਸਟਾਂ ਤੇ ਸੀ. ਡੀਜ਼** ਤਿਆਰ ਕੀਤੀਆਂ ਗਈਆਂ ਹਨ।

* * * * * * * * *